ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. 2 (ਮਨੋਵਿਗਿਆਨ) ਸਮੈਸਟਰ ਚੌਥਾ

ਪਰਚਾ : ਪ੍ਰਯੋਗਾਤਮਕ ਮਨੋਵਿਗਿਆਨ

ਮੀਡੀਅਮ : ਪੰਜਾਬੀ ਯੂਨਿਟ : 2

ਪਾਠ ਨੰ.

2.1 : ਧਿਆਨ **(Attention)**

2.2 : ਚੋਣਵਾ ਧਿਆਨ **(Selective Attention)**

2.3 : ਪ੍ਰਤੱਖੀਕਰਣ

2.4 : ਅਕਾਰ ਪ੍ਰਤੱਖੀਕਰਣ

2.5 : ਸਪੇਸ ਪ੍ਰਤੱਖੀਕਰਣ

Department website : www.pbidde.org

ਪਾਠ ਨੰ. 2.1 **ਲੇਖਿਕਾ : ਸੁਮਨ ਰਾਹੀ**

ਧਿਆਨ(Attention)

7.0	ਉਦੇਸ਼	(objective)
7.1	ਜਾਣ- ਪਛਾਣ	(introduction)
7.2	ਧਿਆਨ ਦਾ ਸਰੂਪ	(nature of attention)
7.3	ਧਿਆਨ ਦੀਆ ਕਿਸਮਾ	(types of attention)
7.4	ਧਿਆਨ ਦੇ ਕਾਰਕ	(determinants of attention)
7.5	ਧਿਆਨ ਦਾ ਵਿਸਥਾਰ	(span of attention)
7.6	ਧਿਆਨ ਦਾ ਵਿਕਰਸ਼ਣ	(distraction of attention)
7.7	ਧਿਆਨ ਦੀ ਵੰਡ	(Divison of Attention)
7.8	ਧਿਆਨ ਦੇ ਪੱਖ	(aspects of attention)

7.0 **ਉਦੇਸ਼** (objective):- ਇਸ ਪਾਠ ਵਿੱਚ ਧਿਆਨ ਬਾਰੇ ਬਹੁਤ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ ਹੈ।ਇਸ ਪਾਠ ਵਿੱਚ ਸਾਨੂੰ ਧਿਆਨ ਦੇ ਸਰੂਪ ਅਤੇ ਧਿਆਨ ਦੀਆ ਕਿਸਮਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਤੋ ਇਲਾਵਾ ਇਸ ਵਿੱਚ ਧਿਆਨ ਦੇ ਕਾਰਕਾਂ ਬਾਰੇ ਵੀ ਜਾਣਕਾਰੀ ਮਿਲਦੀ ਹੈ।

7.1 **ਧਿਆਨ** (Attention) : ਜਾਣ ਪਛਾਣ(Introduction)

ਧਿਆਣ ਇੱਕ ਅਜਿਹੀ ਮਹੱਤਵਪੂਰਨ ਮਾਨਸਿਕ ਕ੍ਰਿਆਂ ਹੈ ਜਿਹੜੀ ਦੂਜੀਆਂ ਮਾਨਸਿਕ ਕ੍ਰਿਆਵਾ ਜਿਵੇ ਕਿ ਚਿੰਤਨ , ਯਾਦਦਾਸ਼ਤ , ਸਿੱਖਣਾ , ਭੁੱਲਣਾ ਅਤੇ ਕਲਪਨਾਂ ਕਰਨ ਵਿੱਚ ਮੱਦਦ ਕਰਦੀ ਹੈ । ਧਿਆਨ ਦਾ ਵਿਕਾਸ ਬੜੀ ਤੇਜੀ ਨਾਲ ਹੋਇਆ ਹੈ ਪਰ ਜਿਆਦਾਤਰ ਵਿਕਾਸ ਇਕ ਦੂਜੇ ਤੋਂ ਸਤੰਤਰ ਹੋਇਆ ਹੈ। ਪ੍ਰਾਚੀਨ ਇਤਿਹਾਸ ਵਿੱਚ ਧਿਆਨ ਦੀ ਪ੍ਰੀਭਾਸ਼ਾ ਚੇਤਨਾ ਦੇ ਗਿਆਨ ਦੇ ਰੂਪ ਵਿੱਚ ਕੀਤੀ ਗਈ ਹੈ। ਚਿੰਤਨ , ਗਿਆਨ ਪ੍ਰਤੱਖੀਕਰਨ , ਆਦਿ ਇਹ ਸਾਰੀਆ ਮਾਨਸਿਕ ਕ੍ਰਿਆਵਾਂ ਧਿਆਨ ਤੇ ਨਿਰਭਰ ਕਰਦੀਆ ਹਨ। ਸਾਡੀਆ ਗਿਆਨ ਇੰਦਰੀਆ ਜਿਵੇ ਕਿ ਅੱਖ , ਕੰਨ , ਨੱਕ , ਜੀਭ ਅਤੇ ਚਮੜੀ ਨੂੰ ਬਹੁਤ ਸਾਰੇ ਉਤੇਜਿਕ ਪ੍ਰਭਾਵਿਤ ਕਰਦੇ ਹਨ। ਸਾਧਾਰਨ ਸ਼ਬਦਾਂ ਵਿਚ ਅਸੀ ਇਹ ਕਹਿ ਸਕਦੇ ਹਾਂ ਕਿ ਜਿਹੜੀਆਂ ਵਸਤੂਆਂ ਚੇਤਨ ਮਨ ਦੇ ਕੇਂਦਰ (Focus of Consciousness) ਵਿੱਚ ਆ ਜਾਂਦੀਆ ਹਨ । ਅਸੀ ਉਹਨਾਂ ਵਸਤੂਆਂ ਵੱਲ ਧਿਆਨ ਦਿੰਦੇ ਹਾਂ ਅਤੇ ਜਿਹੜੀਆਂ ਵਸਤੂਆਂ ਸਾਡੇ ਚੇਤਨ ਮਨ ਦੀ ਸੀਮਾ (Margin of Consciousnes) (ਕਿਨਾਰੇ) ਤੇ ਰਹਿ ਜਾਂਦੀਆ ਹਨ ਅਸੀ ਉਹਨਾਂ ਵੱਲ ਧਿਆਨ ਨਹੀ ਦਿੰਦੇ।ਜਦੋ ਅਸੀ ਕਿਸੇ ਕਲਾਸ ਰੂਮ ਵਿੱਚ ਪ੍ਰਵੇਸ ਕਰਦੇ ਹਾਂ ਤਾ ਬਹੁਤ ਸਾਰੀਆ ਵਸਤੂ ਨਜਰ ਆਉਦੀਆ ਹਨ ਪਰ ਅਸੀ ਕੁਝ ਚੋਣਵੀਆ ਵਸਤੂਆ ਵੱਲ ਹੀ ਧਿਆਨ ਦਿੰਦੇ ਹਾ।ਇਸੇ ਤਰਾ ਜਦੋ ਖਿਡਾਰੀ ਦੌੜ ਲਈ ਤਿਆਰ ਹੁੰਦਾ ਹੈ ਤਾ ਉਸ ਦਾ ਧਿਆਨ ਬਾਕੀ ਦੀਆ ਅਵਾਜਾ ਨੂੰ ਛੱਡ ਕੇ ਰੈਫਰੀ ਦੀ ਸੀਟੀ ਵੱਲ ਹੁੰਦਾ ਹੈ।

ਧਿਆਨ ਦੀਆ ਪ੍ਰੀਭਾਸ਼ਾਵਾਂ(Defination of Attention) :

ਬੋਰਿੰਗ (Boring 1929) ਦੇ ਅਨੁਸਾਰ ,"ਪ੍ਰਤੱਖੀਕਰਨ ਧਿਆਨ ਦੇ ਦੁਆਰਾ ਸਹੀ ਰੂਪ ਵਿੱਚ ਬਦਲ ਜਾਂਦਾ ਹਾਂ । ਧਿਆਨ ਪ੍ਰਤੱਖੀਕਰਨ ਨੂੰ ਸਹੀ ਰੂਪ ਪ੍ਰਦਾਨ ਕਰਦਾ ਹੈ ।ਵਿਲਿਅਮ ਜੇਮਸ (1890) ਜੋ

ਕਿ ਇੱਕ ਮਨੋਵਿਗਿਆਨਕ ਸੀ ਦੇ ਅਨੁਸਾਰ "ਧਿਆਨ ਉਹ ਪ੍ਰਕ੍ਰਿਆ ਹੈ ਜਿਹੜੀ ਚੇਤਨਾ ਦੇ ਬਾਹਰ ਦੀਆ ਵਸਤੂਆ ਨੂੰ ਚੇਤਨ ਕਰਦੀ ਹੈ । ਜੇਮਸ ਨੇ ਅੱਗੇ ਇਹ ਵੀ ਹੈ ਕਿ ਚੇਤਨਾ ਦੇ ਸ਼ਪਸਟ ਲਈ ਧਿਆਨ ਬਹੁਤ ਜਰੂਰੀ ਹੈ।ਰੌਸ ਦੇ ਅਨੁਸਾਰ ਧਿਆਨ ਕਿਸੇ ਵਸਤੂ ਨੂੰ ਮਨ ਦੇ ਸਾਹਮਣੇ ਸਪੱਸ਼ਟ ਰੂਪ ਵਿੱਚ ਲਿਆਓਣ ਵਾਲੀ ਪ੍ਰਕ੍ਰਿਆ ਹੈ।(Attention is a process of getting an select object clearly before mind-Ross)

ਮਾਰਗਨ ਦੇ ਅਨੁਸਾਰ ,"ਧਿਆਨ ਉਸ ਪ੍ਰਤੱਖਆਤਮਕ ਪ੍ਰਕ੍ਰਿਆ ਨੂੰ ਕਿਹਾ ਜਾਂਦਾ ਹੈ ਜਿਸ ਦੁਆਰਾ ਕੁਝ ਨਿਸਚਿਤ ਓਤੇਜਤਾ ਨੂੰ ਦਿੱਤੇ ਹੋਏ ਸਮੇ ਵਿੱਚ ਆਪਣੇ ਚੇਤਨ ਅਨੁਭਵ ਜਾਂ ਚੇਤਨਾ ਵਿੱਚ ਲਿਆਓਣ ਲਈ ਚੁਣਿਆ ਜਾਂਦਾ ਹੈ।"(Attention is the term given to perceptual processes that select certain inputs for inclusion in our conscious experience or awareness at any given time Morgan ,King,Weisze and Schopler)

ਰੇਕਸ ਅਤੇ ਨਾਈਟ ਦੇ ਅਨੁਸਾਰ ,"ਚੇਤਨਾ ਦੀ ਚੁਣੀ ਹੋਈ ਕ੍ਰਿਆ ਨੂੰ ਧਿਆਨ ਕਿਹਾ ਜਾਂਦਾ ਹੈ।"
(attention is a selective act of consciousness-Rex and Knight.)

ਓਪਰਕਤ ਪ੍ਰੀਭਾਸ਼ਾਵਾ ਦੇ ਅਧਾਰ ਤੇ ਅਸੀ ਕਹਿ ਸਕਦੇ ਹਾਂ ਕਿ ਧਿਆਨ ਮਨ ਦੀ ਇੱਕ ਚੋਨਵੀ ਕ੍ਰਿਆ ਹੈ ਕਿਉਕਿ ਸਾਡੇ ਸਾਹਮਣੇ ਬਹੁਤ ਸਾਰੀਆ ਵਸਤੂਆ ਆਉਦੀਆ ਹਨ ਪ੍ਰੰਤੂ ਅਸੀ ਆਪਣੀ ਲੋੜ ਜਾ ਰੁੱਚੀ ਦੇ ਅਨੁਸਾਰ ਕੁੱਝ ਵਸਤੂਆ ਨੂੰ ਚੁਣ ਲੈਦੇ ਹਾ ਅਤੇ ਬਾਕੀ ਦੀਆ ਵਸਤੂਆ ਨੂੰ ਛੱਡ ਦਿੰਦੇ ਹਾ।ਚੋਣ ਕਰਦੇ ਸਮੇ ਵਿਅਕਤੀ ਚੁਸਤ (Alert) ਵੀ ਰਹਿੰਦਾ ਹੈ ਕਈ ਵਾਰੀ ਖੋਜ (Search) ਦਾ ਪ੍ਰਯੋਗ ਵੀ ਕਰਦਾ ਹੈ ਜਿਵੇ ਸਕੂਲ ਦੀ ਛੁੱਟੀ ਦੇ ਸਮੇ ਬਹੁਤ ਸਾਰੇ ਬੱਚਿਆ ਵਿੱਚੋ ਤੁਸੀ ਆਪਣੇ ਛੋਟੇ ਭਰਾ ਨੂੰ ਲੱਭ ਲੈਦੇ ਹੋ।

7.2 **ਧਿਆਨ ਦਾ ਸਰੂਪ ਅਤੇ ਵਿਸ਼ੇਸਤਾਵਾ** (nature and characteristis of attention)

1. ਧਿਆਨ ਇੱਕ ਅਜਿਹੀ ਰੋਸਨੀ ਹੈ ਜਿਵੇ ਵਿਅਕਤੀ ਆਪਣੇ ਚੇਤਨ ਮਨ ਨਾਲ ਆਪਣੇ ਵਾਤਾਵਰਨ ਵਿੱਚ ਘਟ ਰਹੀਆ ਘਟਨਾਵਾਂ ਵੱਲ ਨਿਰਦੇਸ਼ਤ ਕਰਦਾ ਹਾ ਜਾ ਆਪਣੇ ਮਾਨਸਿਕ ਖੇਤਰ ਵਿੱਚ ਹੋ ਰਹੀ ਘਟਨਾਵਾ ਵੱਲ ਆਕਰਸ਼ਿਤ ਹੁੰਦਾ ਹੈ।

2. **ਧਿਆਨ ਇੱਕ ਚੌਣਵੀ ਮਾਨਸਿਕ ਪ੍ਰੀਕ੍ਰੀਆ(attention is a selective mental process):**

ਧਿਆਨ ਇੱਕ ਚੋਣਵੀ ਕ੍ਰਿਆ ਹੈ। ਸਾਡੇ ਸਾਹਮਣੇ ਬਹੁਤ ਤਰਾਂ ਦੇ ਉਤੇਜਕ ਆਓਦੇ ਹਨ ਜਿਹੜੇ ਸਾਡੀਆ ਗਿਆਨ ਇੰਦਰੀਆ ਨੂੰ ਪ੍ਰਭਾਵਿਤ ਕਰਦੇ ਹਨ ਪ੍ਰੰਤੂ ਅਸੀ ਉਹਨਾਂ ਉਤੇਜਿਕਾ ਵੱਲ ਇੱਕ ਸਮੇ ਵਿੱਚ ਧਿਆਨ ਨਹੀ ਦੇ ਸਕਦੇ । ਉਦਾਰਹਨ ਦੇ ਤੋਰ ਤੇ ਕਲਾਸ ਰੂਮ ਵਿੱਚ ਅਸੀ ਅਧਿਆਪਕ ਦੀ ਅਵਾਜ ਨੰ ਸੁਣ ਕੇ ਆਪਣਾ ਧਿਆਨ ਉਹਨਾ ਵੱਲ ਲਗਾ ਦਿੰਦੇ ਹਾਂ।ਅਤੇ ਬਾਕੀ ਅਵਾਜ਼ਾ ਨੂੰ ਛੱਡ ਦਿੰਦੇ ਹਾਂ।ਇਸੇ ਤਰਾਂ ਇੱਕ ਡਰਾਇਵਰ ਆਪਣਾ ਸਾਰਾ ਧਿਆਨ ਸੜਕ ਓੱਪਰ ਰੱਖਦਾ ਹੈ ਇਸ ਤੋ ਇਲਾਵਾ ਬੱਸ ਵਿੱਚ ਬੈਠੀਆ ਸਵਾਰੀਆ ਦੀ ਅਵਾਜ ਵੱਲ ਡਰਾਇਵਰ ਆਪਣਾ ਧਿਆਨ ਨਹੀ ਦਿੰਦਾ ਉਹ ਆਪਣਾ ਸਾਰਾ ਧਿਆਨ ਬੱਸ ਚਲਾਉਣ ਵਿੱਚ ਰੱਖਦਾ ਹੈ।

ਵਾਰਡਵੈਟਨ ਦੇ ਅਨੁਸਾਰ ਜਿਵੇ ਕੇ ਉਸ ਨੇ ਆਪਣੀ ਪੁਸਤਕ ਵਿਕਸਿਤ ਕ੍ਰਿਆ ਦੇ ਅਨੁਸਾਰ ਧਿਆਨ ਦਾ ਸਰੂਪ ਚੌਣਵੀ ਇਸ ਲਈ ਹੁੰਦਾ ਹੈ ਕਿਉਕਿ ਇਹ ਵਾਸਤਵਿਕ ਇੱਕ ਤਰ੍ਹਾਂ ਦਾ ਚੌਣਵੀ ਫਿਲਟਰ ਹੁੰਦਾ ਹੈ।

ਧਿਆਨ ਦੇ ਚੌਣਵੀ ਸਰੂਪ ਦੀ ਵਿਆਖਿਆਵਾ ਕੁਝ ਲੋਕਾਂ ਨੇ ਆਪਣੇ ਆਧਾਰ ਤੇ ਵੀ ਕੀਤੀਆ ਹਨ ਜਿਵੇ ਕਿ ਕਾਹਨਮੈਨ (Kahnement 1973) ਦਾ ਕਹਿਣਾ ਹੈ ਕਿ ਕੁਝ ਲੋਕਾਂ ਨੇ ਭਿੰਨ-ਭਿੰਨ ਪ੍ਰਕਾਰ ਦੀਆਂ ਸੂਚਨਾਵਾਂ ਨੂੰ ਪ੍ਰੋਸੈਸ ਕਰਨਾ ਅਤੇ ਉਹਨਾ ਬਾਰੇ ਖੋਜ ਕਰਨ ਦੀ ਇਕ ਮਾਨਸਿਕ ਸ਼ਮਤਾ ਹੁੰਦੀ ਹੈ।

3. ਧਿਆਨ ਦਾ ਵਿਸਥਾਰ ਸੀਮਿਤ ਹੁੰਦਾ ਹੈ(attention has limited span): ਧਿਆਨ ਦਾ ਘੇਰਾ ਬਹੁਤ ਸੀਮਿਤ ਹੁੰਦਾ ਹੈ।ਵਿਅਕਤੀ ਇੱਕ ਹੀ ਸਮੇ ਵਿੱਚ ਬਹੁਤ ਸਾਰੀਆ ਵਸਤੂਆ ਵੱਲ ਧਿਆਨ ਨਹੀ ਦੇ ਸਕਦਾ ਹੈ ਇਹ ਉਸ ਦੇ ਧਿਆਨ ਦਾ ਵਿਸਥਾਰ ਹੁੰਦਾ ਹੈ ਉਦਾਹਰਣ ਦੇ ਤੋਰ ਤੇ ਜੇਕਰ ਇੱਕ ਮੁੱਠੀ ਸੰਗਮਰਮਰ ਟੁਕੜੇ ਫਰਸ਼ ਤੇ ਸੁੱਟ ਦਿੱਤੇ ਜਾਣ ਤਾ ਕੋਈ ਵੀ ਵਿਅਕਤੀ ਇੱਕ ਸਮੇ ਵਿੱਚ 6-7 ਟੁਕੜਿਆ ਤੋ ਜਿਆਦਾ ਟੁਕੜਿਆ ਵੱਲ ਧਿਆਨ ਨਹੀ ਦੇ ਸਕਦਾ :-

ਪ੍ਰਯੋਗਸ਼ਾਲਾ ਵਿੱਚ ਧਿਆਨ ਨੂੰ ਵਿਸਥਾਰ ਨਾਲ ਅਧਿਆਨ ਕਰਕੇ ਉਸ ਉਪਕਰਣਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।ਅਸੀ tachistoscope ਦੀ ਮੱਦਦ ਨਾਲ ਉਸ ਉਪਕਾਰਣਾਂ ਦੇ ਸਹਾਰੇ ਬਿੰਦੂਆਂ (dots)ਅਤੇ ਅੱਖਰ (Letters) ਦੀ ਸੰਖਿਆ ਤੇ ਧਿਆਨ ਦਿੰਦੇ ਹਾ ਉਹਨਾ ਵਸਤੂਆਂ ਤੋ ਸੰਬੰਧਿਤ ਧਿਆਨ ਵਿਸਥਾਰ ਦਾ ਅਧਿਆਨ ਕੀਤਾ ਜਾਂਦਾ ਹੈ।ਅਸਥਿਰਤਾ ਦਾ ਗੁਣ ਹੁੰਦਾ ਹੈ। ਜਦੋ ਧਿਆਨ ਇੱਕ ਵਸਤੂ ਤੋ ਦੂਜੀ ਵਸਤੂ ਵੱਲ ਜਾਂਦਾ ਹੈ ਤਾਂ ਇਸ ਨੂੰ ਧਿਆਨ ਪਰਿਵਰਤਨਸ਼ੀਲਤ ਪ੍ਰਯੋਗਮਾਤਾ (Shifting of attention)ਕਿਹਾ ਜਾਂਦਾ ਹੈ ਕਿ,"ਸਾਡੇ ਧਿਆਨ ਦੀ ਵਸਤੂ ਹਮੇਸ਼ਾ ਬਦਲਦੀ ਰਹਿੰਦੀ ਹੈ।"(The object of our attention is always Shifting woodworth).

4. ਧਿਆਨ ਪ੍ਰਵਿਰਤਨਸ਼ੀਲ ਅਤੇ ਅਸਥਿਰ ਹੁੰਦਾ ਹੈ:(attention is shifting and fluctuating): ਧਿਆਨ ਵਿੱਚ ਪ੍ਰੀਵਰਤਨਸ਼ੀਲਤਾ ਅਤੇ ਅਸਥਿਰਤਾ ਦਾ ਗੁਣ ਹੁੰਦਾ ਹੈ।

1. ਧਿਆਨ ਨੂੰ ਇੱਕ ਥਾਂ ਤੇ ਟਿਕਣਾ ਜਾਂ ਸਥਿਰ ਕਰਨਾਂ:-

ਧਿਆਨ ਚੰਚਲ ਹੁੰਦਾ ਹੈ। ਇਸ ਨੂੰ ਇੱਕ ਥਾਂ ਤੇ ਟੀਕਣਾ ਬਹੁਤ ਔਖਾ ਹੁੰਦਾ ਹੈ । ਜਿਸ ਤਰ੍ਹਾਂ ਅਸੀ ਬੈਟਰੀ ਦੀ ਰੋਸਨਿ ਇੱਧਰ-ਉਧਰ ਮਾਰਦੇ ਹਾਂ । ਇਸ ਤਰ੍ਹਾ ਅਸੀ ਬੈਟਰੀ ਦੀ ਰੋਸਨਿ ਨੂੰ ਕਿਸੇ ਵਸਤੂ ਉੱਪਰ ਮਾਰਦੇ ਹਾਂ। ਇਸ ਤਰ੍ਹਾ ਅਸੀ ਆਪਣੇ ਧਿਆਨ ਨੂੰ ਵਾਤਾਵਰਨ ਜਾ ਕਿਸੇ ਵੀ ਵਸਤੂ ਤੇ ਸਥਿਰ ਕਰਦੇ ਹਾਂ।ਅਸਖਿਰਤਾ ਦਾ ਗੁਣ ਉਹ ਹੁੰਦਾ ਹੈ ਜਦੋ ਧਿਆਨ ਇੱਕ ਵਸਤੂ ਤੋ ਦੂਜੀ ਵਸਤੂ ਵੱਲ ਜਾਂਦਾ ਹੈ ਤਾਂ ਇਸ ਨੂੰ ਧਿਆਨ ਪਰਿਵਰਤਨਸ਼ੀਲਤਾ ਕਿ(Shifting of attention)ਕਿਹਾ ਜਾਂਦਾ ਹੈ ਕਿ,"ਸਾਡੇ ਧਿਆਨ ਦੀ ਵਸਤੂ ਹਮੇਸ਼ਾ ਬਦਲਦੀ ਰਹਿੰਦੀ ਹੈ।"(The object of our attention is always Shifting : Woodworth).

5. **ਧਿਆਨ ਵਿੱਚ ਮਾਨਸਿਕ ਤੱਤਪਰਤਾ ਹੁੰਦੀ ਹੈ** (Attention involves Mental Set):-ਧਿਆਨ ਦੀ ਇਸ ਵਿਸ਼ੇਸ਼ਤਾ ਵਿੱਚ ਇੱਕ ਵਿਸ਼ੇਸ਼ ਤਰ੍ਹਾਂ ਦੀ ਮਾਨਸਿਕ ਤੱਤਪਰਤਾ ਪਾਈ ਜਾਂਦੀ ਹੈ । ਇਸ ਦਾ ਭਾਵ ਹੈ ਕਿ ਵਿਅਕਤੀ ਕਿਸੇ ਵਸਤੂ ਦੇ ਪ੍ਰਤੀ ਅਨੁਕ੍ਰਿਆ ਕਰਨ ਲਈ ਮਾਨਸਿਕ ਤੌਰ ਤੇ ਤਿਆਰ ਰਹਿੰਦਾ ਹੈ। ਜਿਵੇ ਅਸੀ ਕਿਸੇ ਵਸਤੂ ਵੱਲ ਧਿਆਨ ਦੇਣ ਲਈ ਮਾਨਸਿਕ ਤੌਰ ਤੇ ਤਿਆਰ ਹੋਵਾਂਗੇ ਉਹਨਾਂ ਹੀ ਅਸੀ ਉਸ ਵਸਤੂ ਵੱਲ ਜਿਆਦਾ ਧਿਆਨ ਦੇ ਸਕਦੇ ਹਾਂ।

6. ਧਿਆਨ ਉਦੇਸ਼ ਪੂਰਨ ਹੈ(Attention is purposive):-

ਜਦੋ ਸਾਡਾ ਕੋਈ ਆਪਣਾ ਉਦੇਸ਼ ਹੁੰਦਾ ਹੈ ਤਾਂ ਉਸ ਨਾਲ ਸਬੰਧਤ ਹਰ ਇਕ ਘਟਨਾ ਵੱਲ ਧਿਆਨ ਆਪਣੇ ਆਪ ਚਲਾ ਜਾਂਦਾ ਹੈ। ਹਰ ਇੱਕ ਵਿਅਕਤੀ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਉਹ ਆਪਣੀ ਰੁੱਚੀ ਦੇ ਅਨੁਸਾਰ ਚੀਜ਼ਾਂ ਨੂੰ ਚੁਣ ਸਕੇ ਅਤੇ ਆਪਣਾ ਧਿਆਨ ਜਿਆਦਾ ਤੋ ਜਿਆਦਾ ਉਹਨਾ ਵੱਲ ਲਗਾ ਸਕੇ।**ਮਰਫੀ** ਦੇ ਅਨੁਸਾਰ "ਜਿੰਨਾ ਜਿਆਦਾ ਸ਼ਕਤੀਸ਼ਾਲੀ ਸਾਡਾ ਉਦੇਸ਼ ਹੁੰਦਾ ਹੈ। ਉੰਨਾ ਹੀ ਤੇਜੀ ਨਾਲ ਸਾਡਾ ਧਿਆਨ ਜਾਦਾ ਹੈ।" { The Stronger is our purpose,the intense is our attention-Murphy.

7. ਧਿਆਨ ਵਿੱਚ ਸਰੀਰਿਕ ਸਮਾਯੋਜਨ ਹੁੰਦਾ ਹੈ{ Attention involves bodily adjustment}: ਧਿਆਨ ਵਿੱਚ ਸਰੀਰਿਕ ਸਮਾਯੋਜਨ ਤੱਤ ਪਾਇਆ ਜਾਦਾ ਹੈ। ਤੇ ਇਹਨਾਂ ਵਿੱਚ ਕੋਈ ਅੰਤਰ ਵੀ ਪਾਏ ਜਾਦੇ ਹਨ। ਅੱਖ,ਕੰਨ,ਨੱਕ ਆਦਿ ਗਿਆਨ ਇੰਦਰੀਆ ਦਾ ਝੁਕਾਅ ਧਿਆਨ ਵੱਲ ਹੁੰਦਾ ਹੈ। ਜਿਵੇ ਕਿ:

1. ਗਿਆਨ ਇੰਦਰੀਆ ਵਿੱਚੋ ਸਮਾਯੋਜਨ : (Adjustment in Sense organs)

2. ਸਰੀਰਿਕ ਆਸਨ ਵਿੱਚ ਸਮਾਯੋਜਨ : (Adjustment in bodily Posture)

3. ਮਾਸਪੇਸ਼ੀਆ ਦੇ ਤਨਾਅ ਵਿੱਚ ਪਰਿਵਰਤਨ : (Changes in muscles tensions) ਜਦੋ ਵੀ ਕੋਈ ਵਿਅਕਤੀ ਕਿਸੇ ਵਸਤੂ ਵੱਲ ਆਪਨਾ ਧਿਆਨ ਦਿੰਦਾ ਹੈ ਤਾਂ ਉਸ ਵਿੱਚ ਇਹ ਤਿੰਨ ਤਰ੍ਹਾਂ ਦਾ ਸਮਾਯੋਜਨ ਪਾਇਆ ਜਾਦਾ ਹੈ। ਧਿਆਨ ਦੀ ਅਵਸਥਾ ਵਿੱਚ ਕੁਝ ਨਾ ਕੁਝ ਪਰਿਵਰਤਨ ਹੁੰਦਾ ਹੈ।

8. ਧਿਆਨ ਵਿੱਚ ਵੰਡ ਦਾ ਗੁਣ ਹੁੰਦਾ ਹੈ(There occurs division of attention):

ਮਨੋਵਿਗਿਆਨੀਆ ਦਾ ਕਹਿਣਾ ਹੈ ਕਿ ਧਿਆਨ ਦੀ ਵੰਡ ਹੋ ਸਕਦੀ ਹੈ ਇਹ ਇਕ ਕੰਮ ਤੋ ਦੂਜੇ ਕੰਮ ਵੱਲ ਬਦਲਦਾ ਰਹਿੰਦਾ ਹੈ ਪਰ ਇਸ ਨੂੰ ਵੰਡਣਾ ਅਸੰਭਵ ਹੈ ਇੱਕ ਸਮੇ ਵਿੱਚ ਦੋ ਕੰਮ ਤਾ ਹੀ ਸੰਭਵ ਹੋ ਸਕਦੇ ਹਨ ਜੇਕਰ ਇੱਕ ਕੰਮ ਮਕੈਨੀਕਲ ਹੋਵੇ ਅਤੇ ਉਸ ਵੱਲ ਧਿਆਨ ਦੇਣ ਦੀ ਲੋੜ ਨਾ ਹੋਵੇ ਜਾ ਜਿਹੜੇ ਕੰਮ ਨੂੰ ਕਰਨ ਦੀ ਸਾਡੀ ਆਦਤ ਬਣ ਜਾਵੇ ਤਾ ਹੀ ਅਸੀ ਉਸ ਦੇ ਨਾਲ ਦੂਜਾ ਕੰਮ ਕਰ ਸਕਦੇ ਹਾਂ। ਜ਼ਿਵੇ ਕਿ ਗੱਲਾ ਕਰਨੀਆ ਅਤੇ ਪੜ੍ਹਾਈ ਕਰਨਾ ਜਾ ਟੀ:ਵੀ ਦੇਖਣ ਵੱਲ ਧਿਆਨ ਦੇ ਸਕਦੇ ਹਾ।

9. ਧਿਆਨ ਦਾ ਸਰੂਪ ਖੋਜੀ (Attention is exploratory):- Novelty lies at the root of attention:-Murphy)

ਮਰਫੀ ਦੇ ਅਨੁਸਾਰ, ਨਵੀਨਤਾ ਧਿਆਨ ਦੀ ਜੜ੍ਹ ਹੁੰਦੀ ਹੈ,"

ਜਦੋ ਸਾਡੇ ਸਾਹਮਣੇ ਕੋਈ ਨਵੀ ਵਸਤੂ ਆਉਦੀ ਹੈ ਤਾਂ ਸਾਡੀ ਇਹ ਕੋਸ਼ਿਸ਼ ਹੁੰਦੀ ਹੈ ਕਿ ਅਸੀ ਉਸ ਵਸਤੂ ਦੇ ਸਾਰੇ ਗੁਣ ਔਗੁਣ ਜਾਣ ਸਕੀਏ ਕਿਸੇ ਵੀ ਨਵੀ ਵਸਤੂ ਵੱਲ ਧਿਆਨ ਦਿੰਦੇ ਸਮੇ ਅਸੀ ਉਸ ਦੀ ਤੁਲਨਾ ਕਿਸੇ ਦੂਜੀ ਮਿਲਦੀ-ਜੁਲਦੀ ਵਸਤੂ ਨਾਲ ਕਰਦੇ ਹਾਂ ਅਤੇ ਦੋਨਾ ਵਿਚ ਮਹਿਸੂਸ ਹੋਣ ਵਾਲੇ ਪ੍ਰਭਾਵ ਨੂੰ ਧਿਆਨ ਨਾਲ ਦੇਖਦੇ ਹਾਂ।

7.3 ਧਿਆਨ ਦੀਆ ਕਿਸਮਾਂ (types of attention)

1. ਸਵੈ-ਇੱਛਤ ਧਿਆਨ (voluntary attention):

ਵੁੱਡਵਰਥ ਦੇ ਅਨੁਸਾਰ"ਸਵੈ-ਇੱਛਕ ਧਿਆਨ ਸਾਡੀ ਪੰਸਦ ਤੇ ਨਿਰਭਰ ਕਰਦਾ ਹੈ।ਜਦੋ ਕੋਈ ਵਿਅਕਤੀ ਆਪਣੀ ਇੱਛਾ ਦੇ ਅਨੁਸਾਰ ਕਿਸੇ ਵਸਤੂ ਜਾਂ ਉਤੇਜਿਕ ਜਾਂ ਓਤੇਜਿਕਾ ਵਿਚੋ ਚੁਣ ਕੇ ਧਿਆਨ ਦਿੰਦਾ ਹੈ ਤਾ ਇਸ ਨੂੰ ਸਵੈ-ਇੱਛਕ ਧਿਆਨ ਕਿਹਾ ਜਾਂਦਾ ਹੈ ਇਸ ਤਰਾ ਦੇ ਧਿਆਨ ਵਿੱਚ ਕੋਈ ਨਾ ਕੋਈ ਉਦੇਸ਼ ਜਰੂਰ ਹੁੰਦਾ ਹੈ ਓਦਾਰਹਨ ਦੇ ਤੋਰ ਤੇ ਸ਼ੋਰ-ਸਰਾਬੇ ਵਿੱਚ ਪ੍ਰਖਿਆ ਲਈ ਪ੍ਰੇਰਿਤ ਵਿਅਕਤੀ ਦਾ ਧਿਆਨ ਪੜਾਈ ਵਿੱਚ ਸਵੈ- ਇੱਛਕ ਧਿਆਨ ਕਹਿ ਲਾਉਦਾਂ ਹੈ।

2. ਅਣ-ਇੱਛਕ ਧਿਆਨ (involuntary attention):

ਵਿਅਕਤੀ ਇਸ ਤਰਾ ਦੇ ਧਿਆਨ ਵਿੱਚ ਕਿਸੇ ਵੀ ਇਛਾ ਜਾਂ ਲੋੜ ਅਨੁਸਾਰ ਪ੍ਰੇਰਿਤ ਹੋ ਕੇ ਕਿਸੇ ਵਸਤੂ ਜਾ ਘਟਨਾ ਵੱਲ ਧਿਆਨ ਨਹੀ ਦਿੰਦਾ ਜਦਕਿ ਉਸ ਵਸਤੂ ਵਿੱਚ ਕੋਈ ਇਸ ਤਰਾਂ ਦਾ ਗੁਣ ਹੁੰਦਾ ਹੈ ਜੋ ਵਿਅਕਤੀ ਦੇ ਧਿਆਨ ਨੂੰ ਆਪਣੇ ਵੱਲ ਖਿੱਚਦਾ ਹੈ। ਜਦੋ ਵਿਅਕਤੀ ਆਪਣੀ ਇਛਾ ਦੇ ਵਿਰੁੱਧ ਕਿਸੇ ਵਸਤੂ ਵੱਲ ਧਿਆਨ ਦਿੰਦਾ ਹੈ ਅਤੇ ਇਸ ਨੂੰ ਅਣ-ਇੱਛਕ ਧਿਆਨ ਕਿਹਾ ਜਾਂਦਾ ਹੈ। ਉਦਾਹਰਨ ਦੇ ਤੌਰ ਤੇ ਕਲਾਸ ਵਿੱਚ ਲੈਕਚਰ ਸੁਣਨ ਸਮੇਂ ਬਾਹਰ ਕਿਸੇ ਚੀਖ ਦੀ ਆਵਾਜ ਵੱਲ ਸਾਡਾ ਧਿਆਨ ਆਪਣੇ ਆਪ ਚਲਾ ਜਾਂਦਾ ਹੈ।

3. ਸੁਭਾਵਿਕ ਧਿਆਨ (Habitual attention):

ਇਸ ਤਰ੍ਹਾਂ ਦੇ ਧਿਆਨ ਵਿੱਚ ਵਿਅਕਤੀ ਦਾ ਧਿਆਨ ਕਿਸੇ ਵਸਤੂ ਜਾਂ ਉਤੇਜਿਕ ਵੱਲੋਂ ਉਸ ਦੀ ਆਦਤ, ਸਿਖਲਾਈ ਜਾਂ ਅਭਿਆਸ ਕਰਕੇ ਆਪਣੇ ਆਪ ਚਲਾ ਜਾਂਦਾ ਹੈ, ਉਦਾਹਰਨ ਦੇ ਤੌਰ ਤੇ ਛੋਟੇ ਬੱਚਿਆਂ ਦਾ ਧਿਆਨ ਖਿਡੌਣਿਆਂ ਦੀ ਦੁਕਾਨ ਵੱਲ ਅਤੇ ਔਰਤਾਂ ਦਾ ਧਿਆਨ ਕੱਪੜਿਆਂ ਦੀ ਦੁਕਾਨ ਵੱਲ ਜਾਣਾ ਸੁਭਾਵਿਕ ਹੈ।

7.4 :-ਧਿਆਨ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ(Determinents of attention)

- **ਵਸਤੂ ਨਿਸ਼ਠ ਕਾਰਕ : (Objective Factors / Determinents)**

ਜਿਹੜੀ ਵਸਤੂ ਵੱਲ ਅਸੀਂ ਧਿਆਨ ਦਿੰਦੇ ਹਾਂ ਉਸ ਦੇ ਆਪਣੇ ਗੁਣ- ਔਗੁਣ ਹੁੰਦੇ ਹਨ। ਵਸਤੂ ਨਾਲ ਸਿੱਧਾ ਸੰਬੰਧ ਰੱਖਣ ਵਾਲੇ ਕਾਰਕਾਂ ਨੂੰ ਵਸਤੂ ਨਿਸ਼ਠ ਕਾਰਕ ਜਾਂ ਬਾਹਰ ਮੁੱਖੀ ਕਾਰਕ ਕਿਹਾ ਜਾਂਦਾ ਹੈ। ਜਿਹੜਾ ਹੇਠ ਲਿਖੇ ਅਨੁਸਾਰ ਹਨ:-

1. ਆਕਾਰ (size):ਸਾਡਾ ਧਿਆਨ ਛੋਟੀਆਂ ਵਸਤੂਆਂ ਦੇ ਮੁਕਾਬਲੇ ਵੱਡੀਆਂ ਵਸਤੂਆਂ ਵੱਲ ਜਿਆਦਾ ਜਾਂਦਾ ਹੈ। ਅਖਬਾਰ ਵਿੱਚ ਵੀ ਮੁੱਖ ਸਮਾਚਾਰ ਵੱਡੇ ਅੱਖਰਾਂ ਵਿੱਚ ਪ੍ਰਕਾਸ਼ਿਤ ਕੀਤੇ ਜਾਦੇ ਹਨ ਜਿੰਨੇ ਵੀ ਇਸ਼ਤਿਹਾਰ ਦਿੱਤੇ ਜਾਦੇ ਹਨ, ਉਹ ਵੱਡੇ ਆਕਾਰ ਵਿੱਚ ਦਿੱਤੇ ਜਾਂਦੇ ਹਨ ਤਾਂ ਕਿ ਹਰ ਇੱਕ ਵਿਅਕਤੀ ਦਾ ਉਸ ਵੱਲ ਧਿਆਨ ਚਲਾ ਜਾਵੇ।
2. ਗਤੀ (movment): ਗਤੀਸ਼ੀਲ ਵਸਤੂਆ ਵੱਲ ਸਾਡਾ ਧਿਆਨ ਬਹੁਤ ਜਲਦੀ ਚਲਾ ਜਾਦਾ ਹੈ। ਉਦਾਹਰਨ ਦੇ ਤੌਰ ਤੇ ਜੇਕਰ ਰਸਤੇ ਵਿੱਚ ਸੱਪ ਪਿਆ ਹੋਵੇ ਅਤੇ ਉਸ ਵਿੱਚ ਕੋਈ ਹਰਕਤ ਨਾ ਹੋਵੇ ਤਾਂ ਉਸ ਵੱਲ ਸਾਡਾ ਧਿਆਨ ਨਹੀਂ ਜਾਂਦਾ ਪ੍ਰੰਤੂ ਜੇਕਰ ਰਸਤੇ ਵਿੱਚ ਪਿਆ ਰੱਸਾ ਵੀ ਹਿੱਲ ਜਾਵੇ ਤਾਂ ਉਸ ਵੱਲ ਸਾਡਾ ਧਿਆਨ ਆਪਣੇ ਆਪ ਚਲਾ ਜਾਂਦਾ ਹੈ, ਆਮ ਤੌਰ ਤੇ ਅਸੀਂ ਡਰ ਜਾਂਦੇ ਹਾਂ।
3. ਦੁਹਰਾਈ (repetiton): ਜਦੋਂ ਕੋਈ ਚੀਜ ਸਾਡੇ ਸਾਹਮਣੇ ਬਾਰ-ਬਾਰ ਦੁਹਰਾਈ ਜਾਵੇ ਤਾਂ ਉਸ ਵੱਲ ਸਾਡਾ ਧਿਆਨ ਆਪਣੇ ਆਪ ਚਲਾ ਜਾਂਦਾ ਹੈ। ਕਿਉਂਕਿ ਅਸੀਂ ਉਸ ਚੀਜ ਬਾਰੇ ਜਾਨਣ ਦੀ ਕੋਸ਼ਿਸ਼ ਕਰਦੇ ਹਾਂ ਕਿ ਉਹ ਚੀਜ ਵਾਰ-ਵਾਰ ਸਾਡੇ ਸਾਹਮਣੇ ਕਿਉਂ ਆ ਰਹੀ ਹੈ ?

4.ਨਵੀਨਤਾ (Novelty): ਮਰਫੀ ਕੇ ਅਨੁਸਾਰ ,"ਮਨੁੱਖੀ ਸੁਭਾਅ ਨੂੰ ਨਵੀਨਤਾ ਦਾ ਲਾਲਚ ਹੁੰਦਾ ਹੈ। (Human Nature is greedy of Novelty – Murphy)ਨਵੇਂ ਫੈਸ਼ਨ , ਨਵੇਂ ਸਿੱਕੇ , ਨਵੀਂ ਆਵਾਜ ਆਦਿ ਧਿਆਨ ਨੂੰ ਜਲਦੀ ਖਿੱਚਦੇ ਹਨ।

5.ਵਿਰੋਧੀ(Contrast): ਜਦੋਂ ਇੱਕ ਵਸਤੂ ਨਾਲੋ ਦੂਜੀ ਵਸਤੂ ਵਿਰੋਧੀ/ਵੱਖਰੀ ਹੋਵੇ ਜਿਵੇ ਲੰਬਾ ਅਤੇ ਛੋਟਾ/ਮੋਟਾ ਅਤੇ ਪਤਲਾ ਵਿਅਕਤੀ ਨਾਲ - ਨਾਲ ਹੋਣ ਤਾਂ ਸਾਡਾ ਧਿਆਨ ਜਲਦੀ ਖਿੱਚਦੇ ਹਨ।

6.ਤੀਬਰਤਾ (Intensity):ਸਟਾਊਟ ਦੇ ਅਨੁਸਾਰ ,"ਕਿਸੇ ਵੀ ਸਥਿਤੀ ਦੀ ਤੀਬਰਤਾ ਸਾਨੂੰ ਸੁਭਾਵਿਕ ਹੀ ਆਕਰਸ਼ਿਤ ਕਰਦੀ ਹੈ।ਤੇਜ ਰੰਗ , ਤੇਜ ਆਵਾਜ , ਤੇਜ ਰੋਸ਼ਨੀ ਤੇਜ ਖੁਸ਼ਬੂ ਆਦਿ ਧਿਆਨ ਆਪਣੇ ਵੱਲ ਜਲਦੀ ਖਿੱਚ ਲੈਦੇਂ ਹਨ।

ਇਸ ਤੋਂ ਬਿਨ੍ਹਾਂ ਉਤੇਜਿਕ ਦਾ ਸਰੂਪ, ਉਤੇਜਿਕ ਦੀ ਅਵਧੀ , ਉਤੇਜਿਕ ਦਾ ਰੰਗ ਅਤੇ ਉਸ ਵਿੱਚ ਹੋਣ ਵਾਲੇ ਪਰਿਵਰੱਤਨ ਧਿਆਨ ਨੂੰ ਜਲਦੀ ਖਿੱਚਦੇ ਹਨ।

- **ਆਤਮ ਨਿਸ਼ਠ ਕਾਰਕ :(Subjective factors / Determinents)**

ਇਹ ਉਹ ਕਾਰਕ ਹੁੰਦੇ ਹਨ ਜਿਹੜੇ ਸਬਜੈਕਟ ਵਿੱਚ ਪਾਏ ਜਾਂਦੇ ਹਨ ਅਤੇ ਇਹ ਕਾਰਕ ਸਬਜੈਕਟ ਦੇ ਗੁਣਾਂ ਨਾਲ ਸਬੰਧ ਰੱਖਦੇ ਹਨ ਇਸ ਕਰਕੇ ਇਹਨਾਂ ਕਾਰਕਾਂ ਨੂੰ ਆਤਮ ਨਿਸ਼ਠ ਕਾਰਕ ਜਾਂ ਅੰਦਰ-ਮੁਖੀਂ ਕਾਰਕ ਕਿਹਾ ਜਾਂਦਾ ਹੈ। ਹੇਠ ਲਿਖੇ ਹਨ:-

1. ਆਦਤ(habit):ਵਿਅਕਤੀ ਦਾ ਧਿਆਨ ਉਸ ਦੀਆਂ ਆਦਤਾਂ ਤੋਂ ਪ੍ਰਭਾਵਿਤ ਹੁੰਦਾ ਹੈ ਜੇਕਰ ਸਾਨੂੰ ਕਿਸੇ ਚੀਜ ਦੀ ਆਦਤ ਪੈ ਗਈ ਤਾਂ ਉਸ ਚੀਜ ਵੱਲ ਸਾਡਾ ਧਿਆਨ ਆਪਣੇ ਆਪ ਚਲਾ ਜਾਂਦਾ ਹੇ ਜਿਵੇਂ ਕਿ ਪਾਨ ਖਾਣ ਵਾਲੇ ਵਿਅਕਤੀ ਦਾ ਧਿਆਨ ਪਾਨ ਦੀ ਦੁਕਾਨ ਵੱਲ ਆਪਣੇ ਆਪ ਚਲਾ ਜਾਂਦਾ ਹੈ।
2. ਰੁੱਚੀ(interest) :ਧਿਆਨ ਅਤੇ ਰੁਚੀ ਨਾਲ-ਨਾਲ ਚੱਲਦੇ ਹਨ ਜਿਹੜੀ ਚੀਜ ਜਾਂ ਜਿਹੜੇ ਕੰਮ ਵਿੱਚ ਸਾਡੀ ਰੁਚੀ ਹੁੰਦੀ ਹੈ ਸਾਡਾ ਧਿਆਨ ਵੀ ਉਸ ਵੱਲ ਜਲਦੀ ਚਲਾ ਜਾਦਾ ਹੈ। ਜਿਵੇਂ ਕਿ ਇੱਕ ਖਿਡਾਰੀ

ਹਮੇਸ਼ਾਂ ਖੇਡਾਂ ਦੀਆਂ ਖਬਰਾਂ ਹੀ ਪੜ੍ਹਦਾ ਹੈ ਕਿਉਕਿ ਉਸ ਦੀ ਖੇਡਾਂ ਵਿੱਚ ਰੁਚੀ ਹੁੰਦੀ ਹੈ। ਮੈਕਡੂਗਲ ਦੇ ਅਨੁਸਾਰ " ਰੁਚੀ ਛੁਪਿਆ ਹੋਇਆ ਧਿਆਨ ਅਤੇ ਧਿਆਨ ਕ੍ਰਿਆਤਮਕ ਰੁਚੀ ਹੈ।" (interest is latent attention and attention is interest in action-Mc Dougall)

3. ਸੁਬਾਅ(Temperament):ਵੱਖ-ਵੱਖ ਸੁਭਾਅ ਦੇ ਵਿਅਕਤੀ ਵੱਖ ਵੱਖ ਵਸਤੂਆ ਵੱਲ ਧਿਆਨ ਦਿੰਦੇ ਹਨ। ਧਾਰਮਿਕ ਵਿਅਕਤੀ ਧਰਮ ਨਾਲ ਸਬੰਧਤ ਅਤੇ ਵਪਾਰੀ ਸੌਦੇਬਾਜੀ ਵਾਲੀਆ ਵਸਤੂਆ ਵੱਲ ਧਿਆਨ ਦਿੰਦੇ ਹਨ ਕਿਉਂਕਿ ਉਹਨਾਂ ਦਾ ਇਸ ਤਰਾ ਦਾ ਸੁਭਾਅ ਬਣ ਜਾਂਦਾ ਹੈ।
4. ਮਾਨਸਿਕ ਤੱਤਪਰਤਾ (Mentel Set):ਮਾਨਸਿਕ ਤੌਰ ਤੇ ਤਿਆਰ ਹੋਣਾ ਧਿਆਨ ਦੇਣ ਲਈ ਜਰੂਰੀ ਹੈ।
5. ਉਤਸੁਕਤਾ (Curiousity):ਜਿਹੜੇ ਵਿਅਕਤੀ ਜਾਂ ਵਸਤੂ ਬਾਰੇ ਜਾਨਣ ਦੀ ਉਤਸੁਕਤਾ ਹੁੰਦੀ ਹੈ ਉਸ ਵੱਲ ਬਹੁਤ ਜਲਦੀ ਧਿਆਨ ਚਲਾ ਜਾਂਦਾ ਹੈ। ਜਿਵੇਂ ਕਿ ਬੱਚਿਆਂ ਦਾ ਧਿਆਨ ਵੀ ਨਵੇਂ-ਨਵੇਂ ਖਿਡੌਣਿਆਂ ਵੱਲ ਉਤਸੁਕਤਾ ਕਰਕੇ ਜਲਦੀ ਚਲਾ ਜਾਂਦਾ ਹੈ।
6. ਸਰੀਰਿਕ ਹਾਲਤਾਂ (Physiological conditions): ਧਿਆਨ ਲਈ ਸਾਡਾ ਸਰੀਰਿਕ ਤੌਰ ਤੇ ਠੀਕ ਹੋਣਾ ਵੀ ਬਹੁਤ ਜਰੂਰੀ ਹੈ।ਜਦੋ ਸਾਡੀ ਹਾਲਤ ਠੀਕ ਨਹੀ ਹੁੰਦੀ ਤਾ ਸਾਡਾ ਮਨ ਕਿਸੇ ਵੀ ਚੀਜ ਵੱਲ ਕੇਦਰਿਤ ਨਹੀ ਹੁੰਦਾ ਅਤੇ ਨਾ ਹੀ ਸਾਡਾ ਧਿਆਨ ਕਿਸੇ ਚੀਜ ਵੱਲ ਲੱਗਦਾ ਹੈ ਅਸੀ ਕਿਸੇ ਕੰਮ ਵੱਲ ਧਿਆਨ ਚੰਗੀ ਤਰ੍ਹਾ ਨਾਲ ਉਦੋਂ ਹੀ ਦੇ ਸਕਦੇ ਹਾ ਜਦੋ ਸਾਡੀ ਸਰੀਰਕ ਹਾਲਤ ਠੀਕ ਹੋਵੇਗੀ।ਉਦਾਰਹਣ ਦੇ ਤੋਰ ਤੇ ਥਕਾਵਟ ਅਤੇ ਬਿਮਾਰੀ ਦੀ ਹਾਲਤ ਵਿੱਚ ਅਸੀ ਕਿਸੇ ਵੀ ਚੀਜ ਵੱਲ ਧਿਆਨ ਨਹੀ ਦੇ ਸਕਦੇ।

- **ਸਮਾਜਿਕ ਕਾਰਕ(social factors / Determinents)** :

ਸਾਡਾ ਧਿਆਨ ਸਮਾਜ ਤੋ ਵੀ ਪ੍ਰਭਾਵਿਤ ਹੁੰਦਾ ਹੈ ਕਿਉਕਿ ਕੋਈ ਵਿਅਕਤੀ ਸਮਾਜ ਤੋ ਬਿਨਾਂ ਨਹੀ ਰਹਿ ਸਕਦਾ। ਇਸੇ ਕਰਕੇ ਹੀ ਉਸ ਨੂੰ ਇੱਕ ਸਮਾਜੀ ਜੀਵ ਕਿਹਾ ਜਾਂਦਾ ਹੈ। ਜਿਸ ਤਰਾਂ ਦੇ ਸਮਾਜ ਉਹ ਰੀਹੰਦਾ ਹੈ ਉਸ ਤਰਾਂ ਦੇ ਹੀ ਉਸ ਦੇ ਵਿਚਾਰ ਬਣ ਜਾਂਦੇ ਹਨ।ਹਰ ਇੱਕ ਸਮਾਜ ਦੇ ਆਪਣੇ ਕੁਝ ਨਿਯਮ ਹੁਦੇ ਹਨ ਜਿਹਨਾਂ ਦੀ ਪਾਲਣਾ ਕਰਨੀ ਬਹੁਤ ਜਰੂਰੀ ਹੈ ਤਾਂ ਕਿ ਸਮਾਜ ਵਿੱਚ ਉਸ ਦੀ ਇੱਜਤ ਹੋ ਸਕੇ।ਸਾਡਾ ਪਰਿਵਾਰ,ਸਾਡੇ ਪੜੌਸੀ ,ਸਾਡੇ ਦੋਸਤ ਆਦਿ ਸਾਡੇ ਧਿਆਨ ਨੂੰ ਨਿਸਚਿਤ ਕਰਨ ਵਿੱਚ ਮਹੱਤਵਪੂਰਨ ਰੋਲ ਨਿਭਾਉਦੇ ਹਨ।ਬੋਰਿੰਗ ਦੇ ਅਨੁਸਾਰ,"ਸਾਡੇ ਧਿਆਨ ਲਈ ਵਸਤੂਆ ਨੂੰ ਨਿਸਚਿਤ ਬਣਾਉਣ ਵਿੱਚ ਸਮਾਜ ਮਹੱਤਵਪੂਰਨ ਰੋਲ ਨਿਭਾਉਦਾ ਹੈ।(society plays an important role in establishing the objects for our attention-Boring)

7.5 ਧਿਆਨ ਦਾ ਵਿਸਥਾਰ (Span of Attention):-

ਧਿਆਨ ਦਾ ਵਿਸਥਾਰ ਦਾ ਅਰਥ ਹੈ ਕਿ ਵਿਅਕਤੀ ਇੱਕ ਝਾਤੀ ਵਿੱਚ ਕਿੰਨੀਆ ਵਸਤੂਆ ਦੇਖ ਸਕਦਾ ਹੈ । (Span of attention means , the number of objects or things that hold in one exposure) ਧਿਆਨ ਦੇ ਖੇਤਰ ਵਿੱਚ ਸਭ ਤੋਂ ਪਹਿਲਾ ਯੋਗਦਾਨ ਪ੍ਰਯੋਗ ਵਿਲੀਅਮ ਹੈਸਿਲਟਨ (William hamilton)ਦੁਆਰਾ 1859 ਵਿੱਚ ਕੀਤਾ ਗਿਆ।ਜੇਵਨਜ(Jevons) ਨੇ 1871 ਵਿੱਚ ਹੈਮਿਲਟਨ ਦੇ ਕੰਮ ਨੂੰ ਅੱਗੇ ਵਧਾਇਆ।

ਇਸ ਤੋ ਬਾਅਦ ਵਿਗਿਆਨਕ ਵਿਧੀ ਨਾਲ ਧਿਆਨ ਦੇ ਵਿਸਥਾਰ ਦੇ ਪ੍ਰਯੋਗ ਕੈਟਲ (Cattell) ਦੁਆਰਾ ਕੀਤਾ ਗਿਆ । ਉਸ ਨੇ ਆਪਣੇ ਇਸ ਪ੍ਰਯੋਗ ਵਿੱਚ ਟੈਚਿਸਟੋ ਸਕੋਪ(Tachisto scope)ਨਾਂ ਦੇ ਯੰਤਰ ਦੀ ਵਰਤੋ ਕੀਤੀ । ਉਸ ਨੇ ਆਪਣੇ ਸਬਜੈਕਟ ਨੂੰ ਟੈਚਿਸਟੋ ਸਕੋਪ ਰਾਹੀ ਬਿੰਦੂਆਂ

ਵਾਲੇ ਕਾਰਡ ਦਿਖਾਏ ਅਤੇ ਇਹ ਸਿੱਟਾ ਕੱਢਿਆ ਕਿ ਉਸ ਦਾ ਸਬਜੈਕਟ ਵੱਧ-ਤੋਂ-ਵੱਧ 6-7 ਬਿੰਦੂਆ ਨੂੰ ਹੀ ਦੇਖ ਸਕਦਾ ਹੈ।

ਧਿਆਨ ਵਿਸਥਾਰ ਦੀਆਂ ਕਿਸਮਾਂ (Types of Span of Attention)

1. ਦ੍ਰਿਸ਼ਟੀ ਦਾ ਧਿਆਨ ਵਿਸਥਾਰ (Visual Span of Attention)
2. ਸੁਨਣ ਦਾ ਧਿਆਨ ਵਿਸਥਾਰ (Auditory Span of Attention)
3. ਦ੍ਰਿਸ਼ਟੀ ਦਾ ਧਿਆਨ ਵਿਸਥਾਰ (Visual Span of attention):- ਦ੍ਰਿਸ਼ਟੀ ਦੇ ਧਿਆਨ ਵਿਸਥਾਰ ਨੂੰ ਵੱਖ-ਵੱਖ ਵਸਤੂਆ ਜਿਵੇ ਕਿ ਇਕੱਲਾ ਬਿੰਦੂ (Single dot),ਬਿੰਦੂਆ ਦਾ ਸਮੂਹ (Grouped Dots), ਨਿਰਾਰਥਕ ਅੱਖਰ(Non-Sense – Syllables),ਜਿਵੇ ਕਿ PKR ਅਤੇ ਸਾਰਥਕ ਸ਼ਬਦ (Meaningful words) ਜਿਵੇ ਕਿ Pen ਤੋ ਸਪੱਸ਼ਟ ਕੀਤਾ ਜਾ ਸਕਦਾ ਹੈ । ਪ੍ਰਯੋਗਾਂ ਦੁਆਰਾ ਸਿੱਧ ਹੋ ਚੁੱਕਿਆ ਹੈ ਕਿ ਅਸੀ ਇੱਕ ਝਾਤੀ ਵਿੱਚ 6-7 ਚੀਜਾਂ ਤੋ ਜਿਆਦਾ ਚੀਜਾਂ ਨਹੀ ਦੇਖ ਸਕਦੇ। ਇਸ ਨੂੰ ਟੈਚਿਸਟੋ ਸਕੋਪ ਦੀ ਸਹਾਇਤਾ ਨਾਲ ਦੇਖਿਆ ਜਾ ਸਕਦਾ ਹੈ।
4. ਸੁਣਨ ਦਾ ਧਿਆਨ ਵਿਸਥਾਰ (Auditory Span of Attention) ਇਸ ਨੂੰ ਮੈਟਰੋਨੋਮ (Metronome) ਦੀ ਸਹਾਇਤਾ ਨਾਲ ਮਾਪਿਆ ਜਾ ਸਕਦਾ ਹੈ। ਪ੍ਰਯੋਗ ਦੁਆਰਾ ਸਿੱਧ ਹੋ ਚੁੱਕਿਆ ਹੈ ਕਿ ਇਕ ਸਮੇ ਵਿੱਚ ਵੱਧ ਤੋ ਵੱਧ ਅੱਠ ਆਵਾਜਾ ਸੁਣ ਸਕਦੇ ਹਾਂ।

ਧਿਆਨ ਵਿਸਥਾਰ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ (Factors affecting Span of Attention): ਧਿਆਨ ਵਿਸਥਾਰ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਜਿਵੇ ਕਿ:-

1.ਵਿਅਕਤੀਗਤ ਭਿੰਨਤਾਵਾਂ(individual variations)
2.ਸਾਰਥਤਾ(meaningful),
3.ਸਮੂਹੀਕਰਨ (grouping)
4.ਕ੍ਰਮ ਅਨੁਸਾਰ ਸਮੱਗਰੀ(arranged material)
5. ਜਾਣ ਪਛਾਣ(familiarty)
6. ਲੈਅ(rhythm) ਆਦਿ ਹੁੰਦੇ ਹਨ।

7.6 ਧਿਆਨ ਦਾ ਵਿਕਰਸ਼ਣ (distraction of attention):

ਧਿਆਨ ਦਾ ਵਿਕਰਸ਼ਣ ਅਜਿਹੀ ਮਹੱਤਵਪੂਰਨ ਮਾਨਸਿਕ ਪ੍ਰਕਿਰੀਆ ਹੈ ਜਦੋ ਵਿਅਕਤੀ ਦਾ ਧਿਆਨ ਕਿਸੇ ਵਿਸ਼ੇਸ ਵਸਤੂ ਵੱਲ ਹੁੰਦਾ ਹੈ ਅਤੇ ਇਸੇ ਦੌਰਾਨ ਉਸ ਦੇ ਸਾਹਮਣੇ ਕੋਈ ਦੂਜੀ ਵਸਤੂ ਆ ਜਾਂਦੀ ਹੈ ਤਾ ਅਜਿਹੀ ਸਥਿਤੀ ਵਿੱਚ ਵਿਅਕਤੀ ਦਾ ਧਿਆਨ ਪਹਿਲੀ ਵਸਤੂ ਤੋ ਹਟ ਕਰ ਦੂਜੀ ਵਸਤੂ ਵੱਲ ਚਲਾ ਜਾਂਦਾ ਹੈ ਇਸ ਪ੍ਰਕ੍ਰਿਆ ਨੂੰ ਧਿਆਨ ਦਾ ਵਿਕਰਸਣ ਕਿਹਾ ਜਾਂਦਾ ਹੈ।(distraction is any stimulus that takes our attention away from the object)

ਧਿਆਨ ਦੇ ਵਿਕਰਸ਼ਣ ਦੇ ਕਾਰਨ(causes of distraction of attention):

1. ਥਕਾਵਟ(fatigue),
2. ਸ਼ੋਰ -ਸਰਾਬਾ(noise),
3.ਰੋਸ਼ਨੀ ਅਤੇ ਹਵਾ ਦੀ ਕਮੀ (lack of adequate light and air)
4.ਭਾਵਾਤਮਕ ਗੜਬੜ ਪ੍ਰਬੰਧ

5.ਅਰਾਮਹੀਣ ਬੈਠਣ ਦਾ ਪ੍ਰਬੰਧ(uncomfortable seating arrangement)
6.ਮਾੜੀ ਸਿਹਤ (bad health)
7. ਉਚੀ ਅਵਾਜ਼ ਸੰਗੀਤ (high music)

7.7 ਧਿਆਨ ਦੀ ਵੰਡ : ਇਕ ਸਮੇਂ ਵਿਚ ਇੱਕ ਤੋਂ ਵੱਧ ਕੰਮ ਕਰਨਾ ਧਿਆਨ ਦੀ ਵੰਡ ਦੁਆਰਾ ਜਾਣਿਆ ਜਾਂਦਾ ਹੈ। ਉਦਾਹਰਣ ਵਜੋਂ ਇਕ ਸਿਲਾਈ ਮਾਸਟਰ ਸਿਲਾਈ ਕਰਨ ਦੇ ਨਾਲ ਆਪਣੇ ਗ੍ਰਾਹਕ ਨਾਲ ਗੱਲਬਾਤ ਕਰ ਰਿਹਾ ਹੈ। ਅਸਲ ਰੂਪ ਵਿਚ ਧਿਆਨ ਦੀ ਵੰਡ ਸੰਭਵ ਨਹੀਂ ਭਾਵ ਇਕ ਤੋਂ ਵੱਧ ਕਾਰਜ ਕਰਨੇ ਸੰਭਵ ਹੈ। ਜੇਕਰ ਅਸੀਂ ਦੋ ਕੰਮ ਇਕੱਠੇ ਕਰਦੇ ਵੀ ਹਾਂ ਤਾਂ ਸਾਡਾ ਧਿਆਨ ਇਕ ਕੰਮ ਤੋਂ ਤਬਦੀਲ ਹੋ ਕੇ ਦੂਜੇ ਕੰਮ ਤੇ ਜਾਂਦਾ ਹੈ। ਧਿਆਨ ਕੇਵਲ ਇਕ ਕੰਮ ਤੇ ਕੇਂਦਰਿਤ ਹੁੰਦਾ ਹੈ।

7.8 ਧਿਆਨ ਦੇ ਦੋ ਪੱਖ (Two Aspects of Attention):- ਅਸੀ ਇਹ ਕਹਿ ਸਕਦੇ ਹਾਂ ਕਿ ਧਿਆਨ ਦੇ ਦੋ ਪੱਖ ਹੋ ਸਕਦੇ ਹਨ:

(1) ਧਨਾਤਮਿਕ ਪੱਖ (Positive aspect) (2) ਰਿਣਾਤਮਿਕ ਪੱਖ (Negative aspect) ਕਿਸੇ ਉਤੇਜਿਤ ਦੀ ਚੋਣ ਕਰਨ ਦੀ ਕ੍ਰਿਆ ਨੂੰ ਧਨਾਤਮਕ ਪੱਖ ਕਿਹਾ ਜਾਂਦਾ ਹੈ ਜਦੋ ਕਿ ਕਿਸੇ ਉਤੇਜਿਤ ਨੂੰ ਛੱਡ ਦੇਣ ਦੀ ਕ੍ਰਿਆ ਨੂੰ ਰਿਣਾਤਮਕ ਪੱਖ ਕਿਹਾ ਜਾਂਦਾ ਹੈ। ਕੁੱਝ ਉਤੇਜਿਤ ਨੂੰ ਲੈਣ ਅਤੇ ਕੁਝ ਨੂੰ ਛੱਡ ਦੇਣ ਦੇ ਨਾਲ ਸਾਡਾ ਧਿਆਨ ਚੰਗੀ ਤਰ੍ਹਾਂ ਲੱਗ ਜਾਂਦਾ ਹੈ।

7.8 ਕੋਕ ਟੇਲ ਪਾਰਟੀ ਫਿਨੋਮਿਨਾ (cocktail party phenomenon):-ਇਸ ਸ਼ਬਦ (Term) ਦਾ ਸਭ ਤੋ ਪਹਿਲਾਂ 1950 ਦੇ ਦਸ਼ਕ ਵਿੱਚ ਬਰਿਟੀਸ਼ ਟੈਲੀ ਕੋਮਨੀਕੈਸ਼ਨ ਇੰਨਜਿਨੀਅਰ Collin Cherry ਨੇ ਪ੍ਰਯੋਗ ਕਿੱਤਾ। Cherry ਨੇ ਪ੍ਰਤਾਖਤਣ ਵਿਵਹਾਰ ਦੀ ਵਿਆਖਿਆ ਕਿੱਤੀ ਹੈ ਜੋ ਇੱਕ ਭੀੜ ਵਾਲੇ ਕਮਰੇ ਦਾ ਉਦਾਹਰਣ ਦੇ ਕੇ ਸਮਝਾਇਆ ਗਿਆ ਹੈ ਜਿਸ ਵਿਚ ਵਿਅਕਤੀ ਦੇ ਆਸ-ਪਾਸ ਕਾਫੀ ਸਾਰੇ ਲੋਕ ਆਪਣੇ ਆਪਣੇ ਗਰੁੱਪ ਵਿੱਚ ਗੱਲਾ ਕਰਨ ਵਿਚ ਵਿਅਸਥ ਹਨ। ਸਾਰੀ ਗੱਲਾ ਤੇ ਵਿਅਕਤੀ ਇੱਕੋ ਸਮੇਂ ਪੂਰਾ ਧਿਆਨ ਨਹੀਂ ਦੇ ਸਕਦਾ ।ਇਸ ਪਾਰਟੀ ਵਿੱਚ ਚੱਲ ਰਹੀ ਗੱਲਾ-ਬਾਤਾਂ ਵਿੱਚੋ ਵਿਅਕਤੀ ਕਿਸੇ ਇੱਕ ਵਿਅਕਤੀ ਦੀ ਹੀ ਗੱਲ ਬਾਤ ਤੇ ਧਿਆਨ ਦੇ ਸਕਦਾ ਹੈ। ਸੁਣਨ ਦੇ ਵਾਤਾਵਰਣ ਵਿੱਚੋ ਜੋ ਲਗਾਤਾਰ ਅਰਥ ਪੂਰਨ ਸੰਕੇਤ ਮਿਲ ਰਹੇ ਹਨ। ਉਸ Sampling ਨੂੰ ਵੀ Selective Attention ਕਿਹਾ ਗਿਆ ਹੈ ਜਿਸ ਪ੍ਰਕਿਆ ਨਾਲ ਚੋਣ ਕਰਦੇ ਹਾਂ ।ਇਸ ਕੰਮ ਵਿੱਚ ਆਵਾਜ ਦੀ ਕੁਆਲਿਟੀ (voice Quality) ਅਤੇ ਨਿਰਦੇਸ਼ਾ ਦੇ ਸੰਕੇਤ ਮਦਦ ਕਰਦੇ ਹਨ।ਇਸ ਮੋਕੇ ਤੇ ਬਣਾਈ ਗਈ Audio Tape ਬਣਾਈ ਗਈ ਜਿਸ ਵਿੱਚ ਗੱਲ-ਬਾਤ ਦੀ ਆਵਾਜ ਸਮਝਣ ਚਿ ਰੁਕਾਵਟ ਆਈ । ਇਹ ਫਿਨੋਮੀਨਾ ਸਿਲੈਕਟੀਵ ਅਟੈਨਸ਼ਨ ਦਾ ਹਿੱਸਾ ਹੈ ਜਿਸ ਉੱਤੇ ਬਆਦ ਵਿੱਚ ਕਈ ਸਿਧਾਂਤ ਬਣੇ ।

7.9 Reference

1. ਡਾੱ . ਅਰੁਨ ਕੁਮਾਰ ਸਿੰਘ : ਉਚਿੱਤਰ ਸਮਾਨਯ ਮਨੋਵਿਗਿਆਨ
2. ਡਾੱ . ਪਰੀਤੀ ਵਰਮਾ ਅਤੇ
ਡੱਾ . ਡੀ. ਅਨ ਸ਼੍ਰੀਵਾਸਤਵ : ਆਧੁਨਿਕ ਪ੍ਰਯੋਗਆਤਮਕ ਮਨੋਵਿਗਿਆਨ
3. Dr. Mohammed Jameel : Psychology

Evaluation Sheet

Long Questions:-

Q.1- ਧਿਆਨ ਦੇ ਸਰੂੱਪ ਦੀ ਵਿਸਥਾਰ ਪੂਰਵੱਕ ਵਿਆਖਿਆ ਕਰੋ।
Q.2-ਧਿਆਨ ਦੇ ਕਾਰਕਾ ਬਾਰੇ ਵਿਸਥਾਰ ਪੂਰਵੱਕ ਵਰਣਨ ਕਰੋ ।

Short Questions:-
ਨਿਮਨਲਿਖਿਤ ਤੇ ਸੰਖੇਪ ਨੋਟ ਲਿਖੋ

Q.1- ਧਿਆਨ ਦੀ ਵਿਕਰਸ਼ਣ ।
Q.2- ਧਿਆਨ ਦਾ ਵਿਸਥਾਰ ।
Q.3- ਧਿਆਨ ਦੀਆਂ ਕਿਸਮਾਂ ।
Q.4- ਧਿਆਨ ਦੇ ਆਤਮ ਨਿਸ਼ਠ ਕਾਰਕ ।
Q.5- Cocktail Party Phenomenon.

ਪਾਠ ਨੰ. 2.2

ਲੇਖਿਕਾ : ਸੁਮਨ ਰਾਹੀ

ਧਿਆਨ(Attention)

Selective Attention

Lesson Structure

8.0	ਉਦੇਸ਼	Objective
8.1	ਚੋਣਵਾ ਧਿਆਨ :- ਭੂਮਿਕਾ	Selective Attention :- Introduction
8.2	ਸਿਧਾਂਤ : ਬਰੋਡਬੈਂਟ ਬੋਟਲਨੈਕ ਸਿਧਾਂਤ	Theories :- Broadbent Bottleneck Theory
8.3	ਟਰੀਸਮੈਲ ਫਿਲਟਰ ਅਟੈਨੀਓਏਸ਼ਨ ਸਿਧਾਂਤ	Treisman Filter Attenuation Theory
8.4	ਡਿਊਸ਼ ਅਤੇ ਡਿਊਸ ਮਾਡਲ	Deutsh and Deutsh Model
8.5	ਨਾਰਮਨ ਬਬਰਓ ਮਾਡਲ	Norman Bobrow Model
8.6	ਨਾਇਜਰ ਮਾਡਲ	Neisser Model
8.7	ਕੱਾਕਟੇਲ ਪਾਰਟੀ ਫਿਨੋਮਨਨ	Cocktail party phenomenon
8.8	ਹਵਾਲਾ ਪੁਸਤਕਾਂ	Reference Books

8.0 **Objective :** (ਉਦੇਸ਼)

ਇਸ ਪਾਠ ਵਿਚ Selective Attention ਦੇ ਸਰੂਪ ਅਤੇ ਸਿਧਾਂਤਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

8.1 **ਭੂਮਿਕਾ :- ਚੋਣਵਾ ਧਿਆਨ (Selective Attention) :**

Broad Bent ਦੇ ਅਨੁਸਾਰ ਇਹ ਸੰਸਾਰ ਬਹੁਤ ਸਾਰੀ ਸੰਵੇਦਨਾਵਾਂ ਤੋ ਮਿਲ ਕੇ ਬਣਿਆ ਹੈ। ਜਿੰਨ੍ਹਾਂ ਨੂੰ Handle ਕਰਨਾ ਇਨਸਾਨੀ ਪ੍ਰਤੱਖਣ ਅਤੇ ਗਿਆਨ ਆਤਮਿਕ ਸ਼ਮਤਾ ਤੋ ਪਰ੍ਹੇ ਹੈ। ਇਸ ਲਈ ਸੂਚਨਾਵਾ ਦੀ ਇਸ ਲਈ ਦਾ ਸਾਹਮਣਾ ਕਰਨ ਲਈ ਵਿਅਕਤੀ ਕੇਵਲ ਕੁੱਝ ਸੰਕੇਤਾਂ ਵੱਲ ਧਿਆਲ ਦਿੰਦਾ ਹੈ। ਪਿਛਲੇ 40 ਸਾਲਾਂ ਵਿਚ ਮਨੋਵਿਗਿਆਨੀਆਂ ਨੇ Selective Attention ਵਿਚ ਬਹੁਤ ਰੁਚੀ ਦਿਖਾਈ ਹੈ। ਵਿਅਕਤੀ ਇਸ ਵਿਚ ਕਿਸੇ ਖਾਸ ਕਿਰਿਆ ਜਾ Stimulus ਉਪਰ Mental Concentrations ਦਿਖਾਉਦਾ ਹੈ ਅਤੇ ਬਾਕੀ ਕਿਰਿਆਵਾਂ ਅਤੇ stimulus ਉਪਰ ਨਾ ਦੇ ਬਰਾਬਰ ਧਿਆਨ ਹੁੰਦਾ ਹੈ। Matlin 1983 ਦੇ ਅਨੁਸਾਰ Selective attention ਅਜਿਹੀ ਘਟਨਾ ਹੈ ਜਿਸ ਵਿਚ ਅਸੀ ਮਾਨਸਿਕ ਕਿਰਿਆਸ਼ੀਲਤਾ ਨੂੰ ਕਿਸੇ ਇਕ ਕਿਰਿਆ ਉਪਰ concentrate ਕਰਦੇ ਹਾਂ ਅਤੇ ਅਨੇਕਾਂ ਕਿਰਿਆਵਾਂ ਬਾਰੇ ਘਟ ਧਿਆਨ ਦੇ ਸਕਦੇ ਹਾਂ।

Selective attention is a phenomenon in which we concentrate our only one action and notice very little about other activities ਜਿਸ ਤਰ੍ਹਾਂ ਨਾਲ ਵਾਲੇ ਕਮਰੇ ਵਿਚ ਬਹੁਤ ਸਾਰੇ ਲੋਕ ਗੱਲਾਂ ਕਰਦੇ ਹਨ ਤੇ ਅਸੀ ਇਕ ਵਿਅਕਤੀ ਵੱਲ ਧਿਆਨ ਦਿੰਦੇ ਹਾਂ। ਇਸ ਲਈ ਬਾਕੀ ਵਿਅਕਤੀਆਂ ਦੀ ਗੱਲਾਂ ਵੱਲ ਧਿਆਨ ਨਹੀ ਦਿੰਦੇ ਲੋਕਾਂ ਦੀ ਆਵਾਜ ਸਾਨੂੰ ਸਾਫ ਨਹੀ ਸੁਣਾਈ ਦਿੰਦੀ ਹੈ। Selective attention ਦਾ ਇਹ ਖਾਸ਼ ਗੁਣ ਹੈ। ਇਸ ਵਿਚ ਵਿਅਕਤੀ ਕਿਸੇ ਇਕ ਕੰਮ ਉਪਰ concentrate ਕਰ ਸਕਦਾ ਹੈ ਅਤੇ ਦੂਜੇ ਕੰਮਾਂ ਵਿਚ ਕੋਈ ਰੁਕਾਵਟ ਮਹਿਸੂਸ ਨਹੀ ਕਰਦਾ। ਇਸ ਦਾ result ਇਹ ਹੁੰਦਾ ਹੈ ਕਿ ਮਾਨਸਿਕ Performance better ਹੋ ਜਾਂਦੀ ਹੈ। ਇਸ ਸਥਿਤੀ ਵਿਚ ਵਿਅਕਤੀ ਨਿਰਾਸ਼ਾ ਵੀ ਮਹਿਸੂਸ ਕਰਦਾ ਹੈ ਜਦੋ ਇਕ ਸਮੇ ਕਈ ਕੰਮਾਂ ਵਿਚ ਧਿਆਨ ਦੇਣਾ ਜਰੂਰੀ ਹੋਵੇ। Cherry 1953 ਨੇ ਇਕ ਮਹੱਤਵਪੂਰਨ ਪ੍ਰਯੋਗ ਕੀਤਾ ਹੈ। Selective Attention ਦੇ ਖੇਤਰ ਵਿਚ ਉਸਨੇ Shadowing (ਵਿਧੀ) ਤਕਨੀਕ ਦੁਆਰਾ ਇਸ ਪ੍ਰਯੋਗ ਵਿਚ Subject ਨੂੰ ਸੁਣੇ ਹੋਏ ਸ਼ਬਦਾਂ ਨੂੰ ਉਸੇ ਰੂਪ ਵਿਚ ਬੋਲਣ ਲਈ ਕਿਹਾ ਜਾਂਦਾ ਹੈ। ਜਿਵੇ cherry ਨੇ ਇੱਕ ਸਪੀਕਰ ਦੀ ਆਵਾਜ ਵਿਚਲੇ ਅਲੱਗ ਅਲੱਗ message ਨੂੰ ਰਿਕਾਰਡ ਕੀਤਾ ਤੇ ਉਸਨੂੰ ਹਰੇਕ ਕੰਮ ਵਿਚ ਅਲੱਗ ਸੰਕੇਤ ਦਿੱਤੇ ਗਏ ਤੇ ਕਿਸੇ ਇਕ ਸੂਚਨਾ ਦੇ ਠੀਕ ਢੰਗ ਨਾਲ ਦੁਹਰਾਉਣ ਲਈ ਕਿਹਾ। ਇਸ ਤਰ੍ਹਾਂ ਦੇ ਕੰਮ ਨੂੰ Dichotic Listening ਕਿਹਾ ਜਾਂਦਾ ਹੈ। ਇਹ ਦੇਖਿਆ ਗਿਆ ਹੈ ਕਿ subject ਦੋਨੋ ਸੂਚਨਾਵਾਂ ਵਿਚ ਜਿਸ ਸੂਚਨਾ ਨੂੰ ਸੁਣਨ ਵਿਚ ਸਮੱਰਥ ਹੁੰਦਾ ਹੈ ਤਾਂ ਇਸਨੂੰ Recall ਕਰਦੇ ਸੀ ਅਤੇ unattended message ਦਾ ਬਹੁਤ Recall ਕਰ ਸਕਦੇ ਸੀ। Moray (1959) ਮਨੋਵਿਗਿਆਨਿਕ ਨੇ ਆਪਣੇ ਪ੍ਰਯੋਗ ਵਿਚ ਦੇਖਿਆ ਕਿ ਜਿੰਨ੍ਹਾਂ ਸੂਚਨਾਵਾਂ ਉਪਰ subject ਧਿਆਨ ਨਹੀ ਦਿੰਦਾ ਸੀ ਜੋ ਉਸ ਨਾਲ ਉਸਦਾ ਨਾਂ ਜੋੜ ਦਿੱਤਾ ਜਾਵੇ ਤਾਂ ਉਹ ਸੁਣਨ ਵਿਚ ਸਮੱਰਥ ਹੋ ਜਾਦਾ ਹੈ।ਅਧਿਐਨ ਤੋ ਇਹ ਸਪੱਸ਼ਟ ਹੁੰਦਾ ਹੈ ਕਿ ਬਹੁਤ ਜਿਆਦਾ ਜਾਣੇ ਪਛਾਣੇ ਉਤੇਜਕ ਜਿਵੇ ਅਪਨਾ ਨਾਂ, ਅਪਨੇ ਸ਼ਹਿਰ ਦੇ ਨਾਂ ਦਾ ਵਿਅਕਤੀ ਆਟੋਮੈਟਿਕ ਤੌਰ ਤੇ ਜਲਦੀ ਪਰਤੱਖਣ ਕਰਦਾ ਹੈ। ਇਸ ਪ੍ਰਭਾਵ ਮਨੋਗਿਆਨ ਨੇ ਸਟਰੂਪ ਪ੍ਰਭਾਵ (stroop effect) ਕਿਉਕਿ ਸਭ ਤੋ ਪਹਿਲਾਂ ਸਟੂਪ ਨੇ 1935 ਵਿਚ ਆਪਣੇ ਅਧਿਐਨ ਇਸ ਪ੍ਰਭਾਵ ਨੂੰ ਦੇਖਿਆ Besner ਅਤੇ Stolz 1999 ਨੇ ਅਪਨੇ ਅਧਿਐਨ ਵਿਚ ਦੇਖਿਆ ਕਿ ਕਿਸੇ ਸ਼ਬਦ ਦੇ ਅਰਥ ਦੇ ਆਟੋਮੈਟਿਕ ਪ੍ਰਤਖਣ ਨਾਲ ਉਸ ਸ਼ਬਦ ਨੂੰ ਪੜਨਾ ਅਸ਼ਾਨ ਹੋ ਜਾਂਦਾ ਹੈ। ਪ੍ਰੰਤੂ ਇਹ ਵੀ ਦੇਖਿਆ ਕੀ ਅਗਰ ਕੋਈ ਇਕ ਰੰਗ (ਜਿਵੇ ਨੀਲਾ) ਕਿਸੇ ਹੋਰ ਰੰਗ (ਜਿਵੇ ਲਾਲ) ਦੇ ਅੱਖਰਾਂ ਵਿਚ ਲਿਖਿਆ ਹੋਵੇ ਤਾਂ ਉਸ ਦੇ ਅਰਥ ਦੀ ਉਪੇਕਸ਼ਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਅਤੇ ਸਟੂਪ ਪ੍ਰਭਾਵ ਨਾਲ Selective Attention ਚੋਣਵੇ ਧਿਆਨ ਦੀ ਕਮੀ ਦਾ ਪਤਾ ਚੱਲਦਾ ਹੈ।

Theories of Selective Attention (ਚੋਣਵੇ ਧਿਆਨ ਦੇ ਸਿਧਾਂਤ)

8.2 Bottleneck Theory : -

Broadbent (1958), Triesment (1964) Deutsh (1963) ਇੰਨ੍ਹਾਂ ਮਨੋਵਿਗਿਆਨਿਕਾਂ ਦਾ ਮੰਨਣਾ ਹੈ ਕਿ ਜਿਸ ਤਰ੍ਹਾਂ ਅਸੀ ਇਕ ਅਜਿਹੀ ਬੋਤਲ ਵਿਚ ਪਾਣੀ ਪਾਉਣ ਦੀ ਕੋਸ਼ਿਸ਼ ਕਰਦੇ ਹਾਂ ਜਿਸ ਦਾ ਮੂੰਹ ਛੋਟਾ ਹੈ ਅਤੇ ਜਿਸ ਤਰ੍ਹਾਂ ਪਾਣੀ ਕੁੱਝ ਅੰਦਰ ਡਿੱਗਦਾ ਹੈ ਤੇ ਕੁੱਝ ਬਾਹਰ ਡਿੱਗਦਾ ਹੈ। ਠੀਕ ਉਸੀ ਤਰ੍ਹਾਂ ਇਕ ਵਿਅਕਤੀ ਨੂੰ ਕਈ ਤਰ੍ਹਾਂ ਦੀਆਂ ਸੂਚਨਾਵਾਂ ਦਿੱਤੀਆਂ ਜਾਣ ਤਾਂ ਸਾਰੀਆਂ ਸੂਚਨਾਵਾਂ ਤੇ ਉਹ ਧਿਆਨ ਨਹੀ ਦੇ ਸਕਦਾ ਹੈ।



ਚਿੱਤਰ ਨੰਬਰ 1.0 :- Broadbent filter model

High pitched voice ਤੇ ਵਿਅਕਤੀ ਜਲਦੀ ਧਿਆਨ ਦਿੰਦਾ ਹੈ ਅਤੇ Low pitched ਤੇ ਨਹੀ। ਇਹ ਇਸ ਲਈ ਹੁੰਦਾ ਹੈ ਕਿਉਕਿ Low pitched Bottleneck ਨੂੰ ਪਾਰ ਨਹੀ ਕਰ ਸਕਦੀ। Broadbent ਦੀ Theory ਇਸ ਗੱਲ ਦੀ

ਵਿਆਖਿਆ ਨਹੀ ਕਰਦੀ ਕਿ ਆਪਣੇ ਨਾਮ ਵਾਲੀਆਂ ਸੂਚਨਾਵਾਂ ਤੇ ਧਿਆਨ ਦੇਣ ਵਿਚ ਵਿਅਕਤੀ ਕਿਵੇ ਕਾਬਿਲ ਹੋ ਜਾਂਦਾ ਹੈ। Broadbent ਦੀ Theory ਨੂੰ Filter Theory ਵੀ ਕਿਹਾ ਜਾਂਦਾ ਹੈ। ਜਿਵੇ ਹੀ ਗਿਆਨ ਇੰਦਰੀਆਂ ਕਈ ਤਰ੍ਹਾਂ ਦੀਆਂ ਸੂਚਨਾਵਾਂ ਤੋ ਉਤੇਜਿਤ ਕਰਦੀਆਂ ਹਨ। Bottleneck ਪੈਦਾ ਹੋ ਜਾਂਦਾ ਹੈ। ਇਹ ਸਥਿਤੀ ਪੈਟਰਨ ਪਹਿਚਾਣ ਤੋ ਪਹਿਲਾ ਪੈਦਾ ਹੋ ਜਾਂਦੀ ਹੈ। ਇਸ ਤਰ੍ਹਾਂ Bottleneck ਦਾ ਉਦੇਸ਼ ਜਿਆਦਾ ਸੂਚਨਾਵਾਂ ਨੂੰ ਧਿਆਨ ਕੇਦੰਰ ਵਿਚ ਜਾਣ ਤੋ ਰੋਕਦਾ ਹੈ ਅਤੇ ਨਾਲ ਹੀ ਵਿਅਕਤੀ ਨੂੰ ਕਈ ਤਰ੍ਹਾਂ ਦੀ ਸੂਚਨਾਵਾਂ ਤੋ ਪ੍ਰਭਾਵਿਤ ਹੋਣ ਤੋ ਰੋਕਣਾ ਪੈਦਾ ਹੈ। ਇਕ ਵਿਅਕਤੀ ਦੇ ਕੰਨ ਵਿਚ 'ਸੇਬ' ਸ਼ਬਦ ਬੋਲਿਆ ਜਾਂਦਾ ਹੈ। ਜਿਸ ਤੇ ਉਸਨੇ ਧਿਆਨ ਦੇਣਾ ਹੁੰਦਾ ਹੈ। ਉਸੀ ਟਾਇਮ ਦੂਸਰੇ ਕੰਨ ਵਿਚ ਉਸਨੂੰ ਪੈਨਸਿਲ ਸ਼ਬਦ ਬੋਲਿਆ ਜਾਂਦਾ ਹੈ। ਸੇਬ ਸ਼ਬਦ ਨੂੰ ਸੁਣ ਕੇ ਉਹ ਉਸਦੇ ਪ੍ਰਤੀ Response ਦਿੰਦਾ ਹੈ ਅਤੇ 'ਪੈਨਸਿਲ' ਸ਼ਬਦ Bottleneck ਵਿਚ ਫਸ ਜਾਂਦਾ ਹੈ। Broadbent ਦੇ ਅਨੁਸਾਰ ਭੋਤਿਕ ਗੁਣਾਂ ਦੇ ਆਧਾਰ ਤੇ ਸੂਚਨਾਵਾਂ ਦੀ ਚੋਣ ਕਰਦੇ ਹਾਂ। ਉਸਨੂੰ ਇਕ ਤਰ੍ਹਾਂ ਨਾਲ Filter ਕਰਦੇ ਹਾਂ ਅਤੇ ਉਸ ਤੇ ਧਿਆਨ ਦੇ ਪਾਉਦੇ ਹਾਂ।

<u>8.3</u> **<u>Treisman (1964)</u>** ਦੀ Theory ਨੂੰ Filter Attenuation Model ਵੀ ਕਿਹਾ ਜਾਂਦਾ ਹੈ। ਸਾਰੀ Information ਜਿਹੜੀ ਉਸ ਕੰਨ ਤੋ ਆ ਰਹੀ ਹੈ ਜਿਸ ਤੇ ਵਿਅਕਤੀ ਧਿਆਨ ਨਹੀ ਦਿੰਦਾ, ਸਾਰੀ ਸੂਚਨਾ Block ਨਹੀ ਹੁੰਦੀ ਕੁੱਝ ਵਿਸ਼ੇਸ਼ਤਾਵਾਂ ਵਿਅਕਤੀ ਜਾਣ ਲੈਦਾ ਹੈ। ਉਸਨੇ Subject ਨੂੰ English Novel ਦਾ ਪੈਰਾਗ੍ਰਾਫ ਸੁਣਾਇਆ। ਜਿਸਨੂੰ ਉਸਨੇ ਸੁਣਕੇ Subject ਨੂੰ ਸੁਣਾਉਣਾ ਸੀ। ਦੂਸਰੀ ਸੂਚਨਾ ਦੇ ਰੂਪ ਵਿਚ ਉਸਨੂੰ ਜੈਵ ਰਸਾਇਣਿ ਦੀ Technical discussion ਦਿੱਤੀ। Treisman ਨੇ ਦੱਸਿਆ ਜਿਹੜੀਆਂ ਸੂਚਨਾਵਾਂ ਤੇ ਵਿਅਕਤੀ ਧਿਆਨ ਨਹੀ ਦਿੰਦਾ। ਉਨ੍ਹਾਂ ਦਾ ਵੀ ਉਹ ਵਿਸ਼ੇਸਲਣ ਕਰਦਾ ਹੈ। ਉਹ ਸੂਚਨਾ ਸ਼ੁਰੂ ਦੀ ਸਟੇਜ ਵਿਚ ਖਤਮ ਨਹੀ ਹੁੰਦੀ। Treisman ਦੇ Model ਤੋ ਪਤਾ ਲੱਗਦਾ ਹੈ ਕਿ ਪਹਿਲੀ ਅਵਸਥਾ ਵਿਚ ਪ੍ਰਾਪਤ ਸੂਚਨਾਵਾਂ ਤੇ ਭੋਤਿਕ ਮੂਲ, ਭੌਤਿਕ ਗੁਣ, ਜਿਵੇ Pitch, ਤੀਬਰਤਾ, ਤੇਜੀ ਆਦਿ ਦੀ ਜਾਂਚ ਕੀਤੀ ਜਾਂਦੀ ਹੈ। ਦੂਸਰੀ ਅਵਸਥਾ ਵਿਚ filter mechanism ਦੁਆਰਾ ਜਾਂਚ ਕੀਤੀ ਜਾਂਦੀ ਹੈ। ਦੂਸਰੀ ਅਵਸਥਾ ਵਿਚ ਧਿਆਨ ਨਾ ਦੇਣ ਵਾਲੀ ਸੂਚਨਾ ਦੀ ਸ਼ਕਤੀ ਕਮਜੋਰ ਹੋ ਜਾਂਦੀ ਹੈ। Filter ਜਾਂਚ ਤੋ ਬਾਅਦ ਦੋਨਾਂ ਤਰ੍ਹਾਂ ਦੀਆਂ ਸੂਚਨਾ ਤੇ ਇੱਕੋ ਤਰ੍ਹਾ ਧਿਆਨ ਨਹੀ ਦਿੰਦਾ। ਕੁੱਝ ਸੂਚਨਾਵਾਂ ਰੁਕਾਵਟ ਨੂੰ ਪਾਰ ਕਰਕੇ ਵਿਅਕਤੀ ਦੇ ਧਿਆਨ ਵਿਚ ਪ੍ਰਵੇਸ ਕਰਦੀਆਂ ਹਨ ਅਤੇ ਕੁੱਝ ਪਿੱਛੇ ਰਹਿ ਜਾਂਦੀਆਂ ਹਨ। ਹੋਲੀ ਹੋਲੀ ਵਿਅਕਤੀ ਪਿੱਛੇ ਰਹੀਆਂ ਸੂਚਨਾਵਾਂ ਨੂੰ ਭੁੱਲ ਜਾਂਦਾ ਹੈ।



ਚਿੱਤਰ ਨੰਬਰ 2.0 Treisman Filter Attenuation Model

Attentuated ਸੂਚਨਾਵਾਂ ਅਤੇ Non-Attentuated ਸੂਚਨਾਵਾਂ Nervous System ਦੇ ਡੂੰਘੇ ਸਤਰ ਦੇ ਵਿਚ ਪਹੁੰਚ ਜਾਂਦੀਆਂ ਹਨ। ਉੱਥੇ (analyis) ਵਿਸੇਸਣ ਇਕਾਈਆਂ ਦੀ Thershold (ਦਹਿਲੀਜ) ਹੁੰਦੀ ਹੈ। ਜਿੱਥੇ ਡਿਕਸ਼ਨਰੀ ਵਿਸ਼ਲੇਸ਼ਕ (Dictionary analyser) ਮੌਜੂਦ ਹੁੰਦੇ ਹਨ। ਪਹਿਲੇ ਕੰਮ ਤੋ ਵੱਖਰੇ ਕੰਮ ਨੂੰ Reject ਕਰਨ ਵਿਚ ਵਿਅਕਤੀ ਨੂੰ ਖਾਸ ਕਠਨਾਈ ਨਹੀ ਹੁੰਦੀ। ਇਸ ਪ੍ਰਯੋਗ ਤੋ ਇਹ ਸਿੱਟਾ ਨਿਕਲਿਆ ਹੈ ਕਿ ਜਿਹੜੀਆਂ ਸੂਚਨਾਵਾਂ ਨੂੰ ਵਿਅਕਤੀ ਧਿਆਨ ਨਹੀ ਦੇ ਸਕਦਾ ਉਨ੍ਹਾਂ ਦਾ ਵੀ ਉਹ ਵਿਸ਼ਲੇਸ਼ਣ ਕਰਦਾ ਹੈ। ਉਨ੍ਹਾਂ ਦਾ ਵਾਜੂਦ ਸਵਗਤੀ ਅਵਸਥਾ ਵਿਚ ਖ਼ਤਮ ਨਹੀ ਹੁੰਦਾ। Levis, 1970' ਨੂੰ ਵੀ ਆਪਣੇ ਪ੍ਰਯੋਗ ਵਿਚੋ ਇਹੋ ਜਿਹਾ ਹੀ ਨਤੀਜਾ ਮਿਲਿਆ। ਇਸ ਪ੍ਰਕਾਰ ਟਰੀਸਮੈਨ ਦੇ ਸਿਧਾਂਤ ਦੀ ਮੁੱਖ ਧਾਰਨਾ ਇਹ ਹੈ ਕਿ ਫਿਲਟਰ ਦੀ ਪ੍ਰਕਿਰਿਆ All or None ਪ੍ਰਕਿਰਿਆ ਨਹੀ ਹੈ ਰਿਜੈਕਟਿਡ ਸੂਚਨਾਵਾਂ ਜਿੰਨ੍ਹਾਂ ਤੇ ਵਿਅਕਤੀ ਧਿਆਨ ਨਹੀ ਦਿੰਦਾ ਉਹ ਪੂਰੀ ਤਰ੍ਹਾਂ ਖ਼ਤਮ ਨਹੀ ਹੁੰਦੀਆਂ ਜਦਕਿ ਉਨ੍ਹਾਂ ਦੀ ਸ਼ਕਤੀ ਕੁੱਝ ਘੱਟ ਜਾਂਦੀ ਹੈ। ਕੁੱਝ ਖਾਸ ਪਰਸਥਿਤੀ ਨੇ ਅਜਿਹੀ ਕਮਜ਼ੋਰ ਸੂਚਨਾ ਵੀ ਪ੍ਰਤੀਖਤਮ ਸਤਰ ਦੇ ਉੱਚੇ ਸਤਰ ਦੇ ਵਿਸ਼ਲੇਸ਼ਣ ਨਾਲ ਸੰਭਵ ਕਰ ਲੈਦੇ ਹਨ। ਟਰੀਜਮੈਨ ਦੇ ਅਨੁਸਾਰ ਚੋਣਵੇ ਧਿਆਨ ਦੀ ਪ੍ਰਕਿਆ ਵਿਚ ਸੂਚਨਾ ਦਾ ਪ੍ਰਭਾਵ ਕਿਸ ਤਰ੍ਹਾਂ ਹੁੰਦਾ ਹੈ। ਇਸ ਨੂੰ ਚਿੱਤਰ 8.0 ਵਿਚ ਦਿਖਾਇਆ ਗਿਆ ਹੈ। ਫਿਲਟਰ ਪ੍ਰਕਿਰਿਆ ਤੋ ਜਾਂਚ ਤੋ ਬਾਅਦ attenuated ਅਤੇ non attenuated ਸੂਚਨਾਵਾਂ ਦੋਵੇ ਹੀ ਤਰਰਿਕਤ ਤੰਤਰ ਦੇ ਡੂੰਘੇ ਸਥਿਰ ਤੇ ਪਹੁੰਚ ਜਾਂਦੀਆਂ ਹਨ। ਜਿੱਥੇ ਉੱਚੇ ਸਥਿਰ ਤੇ ਪਰਤਾਖਮ ਵਿਸ਼ਲੇਸ਼ਣ (High level perceptual analysis) ਜਾਂ ਸ਼ਬਦਕੋਸ਼ ਵਿਸ਼ਲੇਸ਼ਕ (Dictionary analysis) ਹੁੰਦੇ ਹਨ ਜਿੰਨ੍ਹਾਂ ਦੀ ਆਪਣੀ ਦਹਲੀਜ (threshold) ਹੁੰਦੀ ਹੈ ਜਿਹੜੀ ਸੂਚਨਾਵਾਂ ਦੀ ਮਾਤਰਾ ਦਹਲੀਜ ਤੋ ਜਿਆਦਾ ਹੁੰਦੀ ਹੈ ਤਾਂ ਵਿਸ਼ਲੈਸ਼ਕ ਇਕਾਇਆ ਕਿਰਿਆਸ਼ੀਲ ਹੋ ਜਾਂਦੀਆਂ ਹਨ ਅਤੇ ਵਿਅਕਤੀ ਉਸ ਸੂਚਨਾ ਅਨੁਕ੍ਰਿਆ ਸ਼ੀਲ ਹੋ ਕੇ ਪੂਰਾ ਧਿਆਨ ਦਿੰਦਾ ਹੈ। ਦਲੀਜ ਨੀਚੇ ਇਹ ਸੂਚਨਾਵਾਂ (ਕਮਜੋਰ ਸੂਚਨਾਵਾਂ) ਪ੍ਰਤੀ ਧਿਆਨ ਨਹੀ ਦਿੰਦਾ।

ਰੀਜਮੈਨ ਨੇ ਇਹ ਵੀ ਦੱਸਿਆ ਕਿ ਪ੍ਰਤੀਆਤਮਕ ਵਿਸ਼ੈਲਸ਼ਣ ਇਕਾਇਆ ਦੀ ਦਲੀਜ ਵਿਚ ਸਮੇ ਸਮੇ ਤੇ ਪ੍ਰਸਥਿਤੀਆਂ ਤੋ ਜਨਮੇ ਕਾਰਕਾਂ (Contextual factors) ਨਾਲ ਪਰਿਵਰਤਨ ਹੁੰਦੇ ਰਹਿੰਦੇ ਹਨ। ਜਿਸ ਦੇ ਨਤੀਜੇ ਵਜੋ ਵਿਅਕਤੀ ਉਸ ਸੂਚਨਾ ਦੀ ਵੀ ਪਹਿਚਾਣ ਕਰਕੇ ਉਸ ਤੇ ਧਿਆਨ ਦੇਣਾ ਸ਼ੁਰੂ ਹੋ ਜਾਂਦਾ ਹੈ ਜਿਸਦੀ ਸ਼ਕਤੀ ਫਿਲਟਰ ਪ੍ਰਕਿਰਿਆ ਨਾਲ ਘੱਟ ਗਈ ਸੀ।

ਇਸ ਤਰ੍ਹਾਂ ਟਰੀਸਮੈਨ ਨੇ ਬਰੋਡਬੈਨਟ ਦੇ ਫਿਲਟਰ ਮਾਡਲ ਵਿਚ ਮਹੱਤਵਪੂਰਨ ਪਰਿਵਰਤਨ ਕੀਤਾ ਹੈ। ਬਰੋਡਬੈਂਟ ਨੇ ਵੀ ਇਸ ਪਰਿਵਰਤਨ ਸਵੀਕਾਰ ਕੀਤਾ। ਹੁਣ ਇਸ ਮਾਡਲ ਨੂੰ ਬਰੋਡਬੈਨਟ ਟਰੀਸਮੈਨਟ ਫਿਲਟਰ ਤਨੁਕਰਨ ਮਾਡਲ (Broadbent Treisman Filter Attenuation model) ਕਿਹਾ ਜਾਂਦਾ ਹੈ।

8.4 Deutsh and Deutsh Model :-

ਇਸ ਦੇ ਅਨੁਸਾਰ ਗਿਆਨ ਇੰਦਰੀਆਂ ਤੋ ਮਿਲਣ ਵਾਲੀਆਂ ਸਾਰੀਆਂ ਸੂਚਨਾਵਾਂ ਦਾ ਵਿਅਕਤੀ ਪ੍ਰਤੱਖੀਕਰਣ ਨਾਲ ਵਿਸ਼ਲੇਸ਼ਣ ਕਰਦਾ ਹੈ। ਸਾਰੇ ਉਤੇਜਕਾਂ ਦੇ Pattren ਦੀ ਪਹਿਚਾਣ ਕਰਦਾ ਹੈ। ਉਸਦੇ ਬਾਅਦ Bottleneck ਪੈਦਾ ਹੁੰਦਾ ਹੈ। Bottleneck ਤੋ ਇਹ ਪਤਾ ਚੱਲਦਾ ਹੈ ਕਿ ਵਿਅਕਤੀ ਦੀ ਜਾਦਸ਼ਾਚਤ ਸੀਮਿਤ ਹੁੰਦੀ ਹੈ। ਵਿਅਕਤੀ ਕੁੱਝ ਚੀਜਾਂ ਨੂੰ ਭੁੱਲਣ ਅਤੇ ਕੁੱਝ ਨੂੰ ਯਾਦ ਰੱਖਣ ਲਈ ਉਨ੍ਹਾਂ ਉਤੇਜਕਾਂ ਵਿਚ ਚੋਣ ਰੱਖਦਾ ਹੈ। ਨਤੀਜੇ ਵਜੋ ਵਿਅਕਤੀ ਯਾਦ ਰੱਖਣ ਵਾਲੀ ਸੂਚਨਾ ਉਪਰ ਧਿਆਨ ਦਿੰਦਾ ਭੁੱਲ ਜਾਣ ਵਾਲੀ ਉਪਰ ਧਿਆਨ ਨਹੀ ਦੇ ਪੈਦਾ। ਡਿਊਸ਼ਐਡ ਡਿਊਸ਼ ਮਾਡਲ ਨੂੰ ਵਲਵੀਤ (ਲੇਟ ਸਿਲੈਕਸ਼ਣ ਮਾਡਲ) ਚੋਣ ਮਾਡਲ ਵੀ ਕਿਹਾ ਜਾਂਦਾ ਹੈ।

ਕਿਉਕਿ ਇਸ ਵਿਚ ਚੋਣ ਜਾਂ ਫਿਲਟਰ ਜਾਦਾਸਤ (ਮੈਮਰੀ) ਵਿਚ ਹੁੰਦਾ ਹੈ। ਇਹ ਮੈਮਰੀ ਰਜੀਸ਼ਟਰੈਸ਼ਨ ਤੋ ਤੁਰੰਤ ਬਾਅਦ ਨਹੀ ਹੁੰਦਾ। ਇਸ ਤਰ੍ਹਾਂ ਸੂਚਨਾ ਸੰਸਾਧਨ ਦੀ ਅਵਸਥਾ ਵਿਚ ਦੇਰ ਨਾਲ ਹੁੰਦਾ ਹੈ। ਡਿਊਸ ਅਤੇ ਡਿਊਸ ਨੇ ਟਰੀਸਮੈਨਟ ਦੀ ਤਰ੍ਹਾਂ ਕੇਦਰੀਏ ਵਿਸ਼ਲੇਸ਼ਣ ਦੀ ਇਕਾਇਆ ਨੂੰ ਮੰਨਿਆ ਹੈ। ਉਹ ਇੰਨ੍ਹਾਂ ਤੋ ਮਿਲਣ ਵਾਲੀ ਸਿਰਫ ਉਹ ਸੂਚਨਾ ਉਪਰ ਧਿਆਨ ਦਿੰਦਾ ਹੈ ਜੋ ਸਭ ਤੋ ਜਿਆਦਾ ਮਹੱਤਵਪੂਰਨ ਹੁੰਦੀ ਹੈ। ਅਗਰ ਕਿਸੇ ਸਮੇ ਇਸ ਤੋ ਵੀ ਜਿਆਦਾ ਮਹੱਤਵਪੂਰਨ ਸੂਚਨਾ ਮਿਲਦੀ ਹੈ ਤਾਂ ਉਸ ਉਪਰ ਧਿਆਨ ਦੇਣ ਲੱਗ ਜਾਂਦਾ ਹੈ। Moray 1959 ਦੇ ਅਨੁਸਾਰ Contextual & Instrumental ਕਾਰਕਾਂ ਦੁਆਰਾਂ ਸੂਚਨਾ ਦੀ ਮਹਿਤਵਤਾ ਵਿਚ ਪਰਿਵਰਤਨ ਲਿਆ ਜਾਂਦਾ ਹੈ। Norman (1968) ਅਤੇ Keele 1973 ਨੇ ਵੀ ਡਿਊਸ਼ ਤੇ ਮਾਡਲ ਨੇ ਸਮਰਥਨ ਦਿੱਤਾ।

8.5 Norman Bobrow (1957) Model :

ਇਸ ਨੇ ਕਿਹਾ ਹੈ ਕਿ Bottleneck ਨਾਮ ਦੀ ਕੋਈ ਚੀਜ ਨਹੀ ਹੁੰਦੀ। Bottleneck ਨਾਮ ਦੀ Theory ਨੂੰ ਅਸਵੀਕਾਰ ਕੀਤਾ ਹੈ। ਇੰਨ੍ਹਾਂ ਦਾ ਕਹਿਣਾ ਹੈ ਕਿ ਕਿਸੇ ਕੰਮ ਤੇ ਧਿਆਨ ਦੇਣ ਲਈ ਮਾਨਸਿਕ ਯਤਨ ਕਰਨ ਦੀ ਯੋਗਤਾ ਸੀਮਿਤ

ਹੁੰਦੀ ਹੈ। ਜਦੋ ਵਿਅਕਤੀ ਦਾ ਧਿਆਨ ਵਿਭਾਜਿਤ ਹੁੰਦਾ ਹੈ ਤਾਂ ਉਸਦੀ Performance ਵਿਚ ਜਿਹੜੀ ਕਮੀ ਹੁੰਦੀ ਹੈ। ਉਸਦਾ ਕਾਰਨ ਸੀਮਤ ਸਾਧਨ ਦਾ ਪ੍ਰਯੋਗ ਵਿਅਕਤੀ ਨੂੰ ਕਈ ਕੰਮਾਂ ਵਿਚ ਵੰਡ ਕੇ ਕਰਨਾ ਪੈਦਾ ਹੈ।

ਜਿਵੇ ਕੋਈ ਵਿਅਕਤੀ ਗਾਣਾ ਗਾਉਂਦਾ ਹੋਇਆ ਸਵਾਲ ਹੱਲ ਕਰਦਾ ਹੈ ਤਾਂ ਉਹ ਸਹੀ ਸਹੀ ਢੰਗ ਨਾਲ ਹੱਲ ਨਹੀ ਕਰ ਪਾਉਂਦਾ। Norman ਅਤੇ Babrow ਨੇ ਦੋ ਤਰ੍ਹਾਂ ਦੇ ਕੰਮਾਂ (Tasks) ਵਿਚ ਅੰਤਰ ਦੱਸਿਆ ਹੈ। 1ਸਾਧਨ ਸੀਮਿਤ ਕੰਮ (Resource Limited Task) ਅਤੇ ਆਕੜੇ ਸੀਮਿਤ ਕੰਮ (data limited task) ਸਾਧਨ ਸੀਮਿਤ ਕੰਮ ਹੁੰਦੇ ਹਨ। ਜਿੰਨ੍ਹਾਂ ਦਾ ਨਿਸ਼ਪਾਦਨ (Performance) ਸਾਧਨਾਂ ਦੀ ਉਪਲੱਬਧੀ ਤੇ ਨਿਰਭਰ ਕਰਦਾ ਹੈ ਤਾਂ ਹੀ ਗਣਿਤ ਸਮੱਸਿਆ ਦਾ ਸਮਾਧਾਨ ਰੱਖਦਾ ਹੋਏ ਜੋ ਵਿਅਕਤੀ ਗਾਣਾ ਗਾਉਂਦਾ ਹੈ ਤਾਂ ਉਹ ਸਮੱਸਿਆਂ ਦਾ ਹੱਲ ਹੋਲੀ ਹੋਲੀ ਲੱਭ ਸਕਦਾ ਹੈ ਪਰ ਅਗਰ ਉਹ ਗਾਣਾ ਬੰਦ ਕਰਕੇ ਸਾਰਾ ਮਾਨਸਿਕ ਸ਼ਕਤੀ ਸੰਭਾਲ ਹੱਲ ਕਰਨ ਤੇ ਲਗਾਏ ਤਾਂ ਉਸਦੀ Performance ਵੱਧ ਜਾਵੇਗੀ।

Norman ਅਤੇ Babrow ਕੇ ਸਾਥ ਸੂਚਨਾਵਾਂ ਦੇ ਸੰਸਾਧਨ ਲਈ ਜਿਹੜੇ ਸਾਧਨ ਉਪਲੱਬਧ ਹੁੰਦੇ ਹਨ ਉਨ੍ਹਾਂ ਦੀ ਇਕ ਉਪਰੀ ਸੀਮਾ (upper Limit) ਨਿਸ਼ਚਿਤ ਹੁੰਦੀ ਹੈ। ਜੇਕਰ ਕੁੱਝ ਸਾਧਨ ਦੀ ਮਾਤਰਾ ਉਪਰੀ ਸੀਮਾਂ ਤੋ ਵੱਧ ਹੈ ਤਾਂ ਵਿਅਕਤੀ ਦੁਆਰਾ ਕੀਤੇ ਜਾ ਰਹੇ ਕੰਮ ਉਪਰ ਸਲੈਕਟੀਵ ਅਟੈਸ਼ਨ ਦੇਣ ਵਿਚ ਵਾਧਾ ਪਹੁੰਚਦਾ ਹੈ। ਨਤੀਜੇ ਵਜੋ ਅਜਿਹੀ ਪ੍ਰਸਥਿਤੀ ਵਿਚ ਇਕ ਜਾਂ ਜਿਆਦਾ ਕੋਮਾਂ ਦੀ Performance ਖਰਾਬ ਹੋਵੇਗੀ।

ਇਹਨਾਂ ਦਾ ਮੰਨਣਾ ਹੈ ਕਿ ਆਂਕੜੇ ਸੀਮਿਤ ਕੰਮਾਂ ਉਪਰ ਅਵਿਆਸ ਦਾ ਕੋਈ ਅਸਰ ਨਹੀ ਹੁੰਦਾ ਪਰ ਸਾਧਨ ਸੀਮਿਤ ਕੰਮਾਂ ਤੇ ਅਵਿਆਸ ਤੇ ਅਸਰ ਹੁੰਦਾ ਹੈ। ਉਦਾਹਰਣ ਦੇ ਤੌਰ ਤੇ ਅਗਰ ਕੋਈ ਵਿਅਕਤੀ ਤੇਜ ਆਵਾਜ (ਰੇਡੀਓ) ਸੁਣਦੇ ਹੋਏ ਜਮੀਨ ਤੇ ਕਲਮ ਡਿੱਗਣ ਦੀ ਆਵਾਜ ਤੇ ਧਿਆਨ ਦੇਣ ਲਈ ਕਿੰਨਾ ਮਰਜੀ ਅਵਿਆਸ ਕਰ ਲਏ ਉਦੀ Performance ਵਿਚ ਸੁਧਾਰ ਨਹੀ ਹੁੰਦਾ ਪਰ ਅਗਰ ਉਹ ਲੇਖ ਪੜ੍ਹਨ ਦੇ ਕੰਮ ਦੇ ਨਾਲ-ਨਾਲ ਕੁੱਝ ਸ਼ਬਦ ਨੂੰ ਲਿਖਣ ਦਾ ਅਵਿਆਸ ਕਰੇ ਤਾਂ ਉਹ ਦੋਨੋ ਕੰਮ ਸਹੀ ਸਹੀ ਕਰਨ ਵਿਚ ਕਾਬਿਲ ਹੋ ਜਾਵੇਗਾ।

8.6 Neisser Model :

Neisser (1976) : - ਇਹ ਉਨ੍ਹਾਂ ਉਪਰੋਕਤ ਸਿਧਾਂਤਾ ਦੇ ਵਿਰੁੱਧ ਹੈ। ਇਸਦੇ ਅਨੁਸਾਰ ਵਿਅਕਤੀ ਦੀਆਂ ਸੂਚਨਾਵਾਂ ਨੂੰ Processing ਕਰਨ ਦੀ Limited Capacity ਹੁੰਦੀ ਹੈ। ਉਹਨਾਂ ਦੇ ਅਨੁਸਾਰ ਅਸੀ ਕਿੰਨੀਆਂ ਸੂਚਨਾਵਾਂ ਤੇ ਧਿਆਨ ਦੇ ਸਕਦੇ ਹਾਂ। ਸਰੀਰਕ ਜਾਂ ਗਣਿਤਿਕ ਰੂਪ ਵਿਚ ਸਥਾਪਿਤ ਸੀਮਾ ਨਹੀ ਹੁੰਦੀ। ਜਦੋ ਬਹੁਤ ਸਾਰੀਆਂ ਸੂਚਨਾਵਾਂ ਇੱਕਠੀਆਂ ਕੀਤੀਆਂ ਜਾਦੀਆਂ ਹਨ ਤਾਂ ਵਿਅਕਤੀ ਕੁੱਝ ਸੂਚਨਾਵਾਂ ਤੇ ਹੀ ਧਿਆਨ ਦੇ ਪਾਉਂਦਾ ਹੈ। ਨਿਊਰੋਲੋਜੀ ਸ਼ਾਸ਼ਤਰੀਆਂ ਨੇ Nervous System ਵਿਚ Filter Mechanism ਤੇ ਖੋਜ ਕਰਨੀ ਸ਼ੁਰੂ ਕੀਤੀ। ਇਸਦਾ ਮੰਨਣਾ ਹੈ ਕਿ ਜੇਕਰ ਵਿਅਕਤੀ ਕਈ ਕੰਮ ਇਕ ਸਾਥ ਸ਼ੁਰੂ ਕਰਨ ਤੇ Performance ਤੇ ਗਲਤ ਪ੍ਰਭਾਵ ਪੈਦਾ ਹੈ ਪਰ Practice ਕਰਨ ਨਾਲ Performance ਵਿਚ ਸੁਧਾਰ ਆ ਜਾਂਦਾ ਹੈ। Neisser ਦੇ ਨਿਊਰਿ ਸ਼ਰੀਰਕ ਅਧਿਐਨ ਤੋ ਇਹ ਸਪੱਸ਼ਟ ਹੋਇਆ ਕਿ ਦਿਮਾਗ ਵਿਚ ਅਰਬਾਂ ਨਿਊਰਨ ਹਨ ਜੋ ਇੱਕ-ਦੂਜੇ ਨਾਲ ਸੰਬੰਧਤ ਰੱਖਦੇ ਹਨ ਅਤੇ ਇੰਨ੍ਹਾਂ ਦੀ ਤਾਕਤ ਬਹੁਤ ਜਿਆਦਾ ਹੁੰਦੀ ਹੈ ਪਹਿਲਾ ਥੋੜੀ ਦੇਰ ਪਹਿਲਾ ਪ੍ਰਾਪਤ ਸੂਚਨਾ ਅਤੇ ਬਹੁਤ ਦੇਰ ਤੱਕ ਯਾਦ ਰਹਿਣ ਵਾਲੀ ਸੂਚਨਾਵਾਂ ਦੀ ਯਾਦਦਾਸ਼ਤ ਦੀ ਸਮੱਰਥਾ ਬਹੁਤ ਜਿਆਦਾ ਹੁੰਦੀ ਹੈ। ਸੂਚਨਾਵਾਂ ਦੀ ਕਿੰਨੀ ਮਾਤਰਾ ਦੇ ਵਿਅਕਤੀ ਧਿਆਨ ਦੇ ਪੈਦਾ ਹੈ। ਇਸ ਦੀ ਵੀ ਕੋਈ ਸੀਮਾ ਨਹੀ ਹੈ।

Spelk, Hirst ਅਤੇ Neisser 1976 ਨੇ ਇਸ ਸ਼ਿਸਲੇ ਵਿਚ ਇਕ ਮਹੱਤਵਪੂਰਨ ਅਧਿਐਨ ਕੀਤਾ ਜਿਸ ਵਿਚ ਕਾਲਜ ਦੇ ਵਿਦਿਆਰਥੀਆਂ ਨੂੰ ਮੰਨ ਵਿਚ ਕਹਾਣੀ ਨੂੰ ਪੜਨ ਲਈ ਦਿੱਤਾ ਗਿਆ ਨਾਲ ਹੀ ਪ੍ਰਯੋਗ ਕਰਦਾ ਦੁਆਰਾ ਬਿਮੇਲ ਸ਼ਬਦ (Irrelevent Words) ਉਨ੍ਹਾਂ ਦੇ ਸਾਹਮਣੇ ਬੋਲੇ ਗਏ ਅਤੇ ਉਨ੍ਹਾਂ ਨੇ ਇਹ ਸ਼ਬਦ ਲਿਖਣੇ ਸਨ। ਇਸ ਤਰ੍ਹਾਂ ਵਿਦਿਆਰਥੀਆਂ ਨੂੰ ਇਕੋ ਸਮੇ ਦੋ ਮੁਸ਼ਕਿਲ Training ਦਿੱਤੀ ਗਈ। ਕਈ ਦਿਨਾਂ ਦੇ ਅਭਿਆਸ ਤੋ ਬਾਅਦ ਵਿਦਿਆਰਥੀ ਦੋਵੇ ਸਹੀ ਢੰਗ ਨਾਲ ਸਫ਼ਲ ਰਹੇ। ਜਦੋ ਕਿ ਸ਼ੁਰੂ ਸ਼ੁਰੂ ਵਿਚ ਉਨ੍ਹਾਂ ਦੀ Performance ਜਿਆਦਾ ਚੰਗੀ ਨਹੀ ਸੀ। Shaffer 1975 ਨੇ ਆਪਣੇ ਪ੍ਰਯੋਗ ਦੇ ਆਧਾਰ ਤੇ ਇਸ ਸਿਧਾਂਤ ਨੂੰ ਸਹੀ ਦੱਸਿਆ ਉਸਨੇ ਦੇਖਿਆ ਕਿ ਇਕ Lady Typist ਕਾਫੀ ਉਚੀ ਗੱਦੀ ਨਾਲ ਟਾਈਪ ਕਰਦੇ ਹੋਏ ਬੋਲੇ ਜਾ ਰਹੇ ਪੈਰਾਗਰਾਫ ਨੂੰ ਵੀ ਸਾਫ ਸਾਫ ਸਹੀ ਤਰੀਕੇ ਨਾਲ ਬੋਲ ਲੈਦੀ ਸੀ। ਅਵਿਆਸ ਨਾਲ ਉਹ ਇਹ ਦੋਵੇ ਕੰਮ ਸਹੀ ਕਰਨ ਵਿਚ ਸਫ਼ਲ ਹੋਈ ਸੀ।

ਇਸ ਤਰ੍ਹਾਂ ਚੋਣਵੇ ਸਿਧਾਂਤ ਦੀ ਵਿਆਖਿਆ ਕਰਨ ਲਈ ਕਈ ਤਰ੍ਹਾਂ ਦੇ ਮਾਡਲਾਂ ਦਾ ਵਿਕਾਸ ਕੀਤਾ ਗਿਆ। ਇਹ ਕਹਿਣਾ ਮੁਸ਼ਕਿਲ ਹੈ ਕਿ ਕਿਹੜਾ ਮਾਡਲ ਸਭ ਤੋ ਚੰਗਾ ਹੈ ਵੀ ਅਜਿਹੇ ਹੋਰ ਪ੍ਰਯੋਗ ਇਸ ਖੇਤਰ ਵਿਚ ਹੋਣੇ ਚਾਹੀਦੇ ਨੇ ਤਾਂ ਜੋ ਸਹੀ ਸਾਧਨ ਦੀ ਪਛਾਣ ਕੀਤੀ ਜਾ ਸਕੇ।

8.8 Cocktail party phenomenon

ਇਹ ਫਿਨੋਮੀਨਾ ਸਿਲੈਕਟਿਵ ਅਟੈਨਸ਼ਨ ਦਾ ਹੀ ਇੱਕ ਹਿੱਸਾ ਹੈ। ਇਹ Term ਸਭ ਤੋ ਪਹਿਲਾ ਇੱਕ ਬ੍ਰਿਟਿਸ਼ ਟੈਲੀ ਕੋਮਨੀਕੇਸ਼ਨ ਇੰਜੀਨੀਅਰ Collin Cherry ਨੇ 1950 ਦੇ ਦਸਕ ਵਿੱਚ ਦਿੱਤੀ। ਉਸ ਨੇ ਪ੍ਰਤਾਖਤਮ ਵਿਵਹਾਰ ਦਾ ਉਦਾਹਰਣ

ਦਿੱਤਾ ਹੈ। ਜੋ ਇਕ ਭੀੜ ਵਾਲੇ ਕਮਰੇ ਦਾ ਉਦਾਹਰਣ ਦੇ ਕੇ ਸਮਝਾਇਆ ਗਿਆ ਹੈ ਜਿਸ ਵਿਚ ਵਿਅਕਤੀ ਦੇ ਆਸ ਪਾਸ ਕਾਫੀ ਲੋਕ ਆਪਣੇ ਆਪਣੇ ਗਰੁੱਪ ਵਿਚ ਗੱਲਾਂ ਕਰਨ ਵਿਚ ਵਿਅਸਥ ਹਨ। ਸਾਰੀਆਂ ਗੱਲਾਂ ਤੇ ਵਿਅਕਤੀ ਇੱਕੋ ਸਮੇ ਪੂਰਾ ਧਿਆਨ ਨਹੀ ਦੇ ਸਕਦਾ। ਸੁਣਨ ਦੇ ਵਾਤਾਵਰਨ ਵਿਚੋ ਲਗਾਤਾਰ ਅਰਥ ਪੂਰਨ ਸੰਕੇਤ ਮਿਲ ਰਹੇ ਸਨ। ਉਸ Sampling ਨੂੰ Selective Attention ਕਿਹਾ ਗਿਆ ਹੈ ਜਿਸ ਪ੍ਰਕ੍ਰਿਆ ਨਾਲ ਚੋਣ ਕਰਦੇ ਹਾਂ। Cocktail Party Phenomenon ਵਿਚ ਵਿਅਕਤੀ ਕਈ ਸਾਰੀਆਂ ਗੱਲਾਂ ਬਾਤਾਂ ਕਰਨ ਵਾਲਿਆਂ ਵਿਚੋ ਕੇਵਲ ਇੱਕ ਤੇ ਹੀ ਧਿਆਨ ਦੇ ਪਾਉਦਾ ਹੈ। ਇਸ ਕੰਮ ਵਿਚ ਆਵਾਜ ਦੀ ਕੁਆਲਟੀ (Voice Quality) ਅਤੇ ਨਿਰਦੇਸ਼ਾਂ ਦੇ ਸੰਕੇਤ (Directional cues) ਮੱਦਦ ਕਰਦੇ ਹਨ। ਇਸ ਮੌਕੇ ਤੇ ਬਣਾਈ ਗਈ Audio Tape ਵਿਚ ਗੱਲਾਂ ਬਾਤਾਂ ਦੀਆਂ ਆਵਾਜਾਂ ਨੂੰ ਸਮਝਣਾ ਬਹੁਤ ਮੁਸ਼ਕਿਲ ਸੀ। ਬਾਅਦ ਵਿਚ ਇਸ ਤੇ ਕਈ ਸਿਧਾਂਤ ਬਣਾਏ ਗਏ।

Reference

Advanced General Psychology	:	Arun Kumar Singh
General Psychology	:	Dr. Mohhammmed Jameel Dr Mohhammed Khalil
Dr. Preeti Verma	:	Adhunik Progyatamak Manovigiyan
Woodworth & Schlosberg	:	Experimental Psychology

<u>Evaluation Sheet</u>

Q.1 Selective Attention ਦੇ ਵੱਖ-ਵੱਖ ਸਿਧਾਂਤਾ ਬਾਰੇ ਵਿਸਥਾਰ ਪੂਰਵਕ ਲਿਖੋ?

Short Question

1. Bottleneck ਦੇ ਸਿਧਾਂਤ ਦੀ ਮੂਲ ਧਾਰਨਾ।
2. Treisman Model
3. Neisser Model
4. Cocktail Party phenomenon

ਪਾਠ ਨੰ. 2.3 ਡਾ. ਮੁਹਮਦ ਇਰਫਾਨ ਫਾਰੂਕੀ

ਪ੍ਰਤੱਖੀਕਰਣ

ਪਾਠ ਬਣਤਰ :

9.0. ਉਦੇਸ਼
9.1. ਪ੍ਰਤੱਖੀਕਰਣ ਦੀ ਭੂਮਿਕਾ ਅਤੇ ਸਰੂਪ
9.2. ਪ੍ਰਤਖੀਕਰਨ ਦਾ ਸਰੂਪ
9.3. ਪ੍ਰਤੱਖੀਕਰਨ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ
9.4. ਸਿੱਟਾ
ਅਭਿਆਸ
ਹਵਾਲੇ

9.0. ਉਦੇਸ਼:- ਵਾਤਾਵਰਨ ਵਿਚ ਬਹੁਤ ਸਾਰੇ ਉਤੇਜਕ ਵਿਅਕਤੀ ਦੇ ਸਾਹਮਣੇ ਰੋਜਾਨਾ ਆਉਂਦੇ ਹਨ । ਕੁਦਰਤ ਵੱਲੋ ਵਿਅਕਤੀ ਉਹਨਾ ਸਾਰੇ ਉਤੇਜਕਾਂ ਨੂੰ ਇਕ ਹੀ ਸਮੇ ਅਤੇ ਨਜ਼ਰ ਵਿਚ ਨਰੀਖਣ ਨਹੀ ਕਰ ਸਕਦਾ ਨਾ ਹੀ ਧਿਆਨ ਦੇ ਸਕਦਾ ਹੈ। ਅਤੇ ਨਾ ਹੀ ਉਸ ਦੇ ਬਾਰੇ ਪ੍ਰਤੱਖੀਕਰਣ ਕਰ ਸਕਦਾ ਹੈ। ਪਰ ਇਹ ਕਿਸੇ ਹੱਦ ਤੱਕ ਅਤੇ ਚੰਦ ਉਤੇਜਕਾਂ ਨੂੰ ਇਕ ਸਮੇਂ ਵਿਚ ਨਰੀਖਣ ਕਰ ਸਕਦਾ ਹੈ, ਧਿਆਨ ਦੇ ਸਕਦਾ ਹੈ ਅਤੇ ਉਸ ਦਾ ਪ੍ਰਤੱਖੀਕਰਣ ਕਰ ਸਕਦਾ ਹੈ। ਜਦੋਂ ਕੋਈ ਉਤੇਜਕ ਵਿਅਕਤੀ ਦੇ ਸਾਹਮਣੇ ਧਿਆਨ ਵਿਚ ਆਉਂਦਾ ਹੈ ਅਤੇ ਵਿਅਕਤੀ ਉਸ ਦਾ ਨਰੀਖਣ ਕਰਦਾ ਹੈ ਤਾਂ ਉਸ ਨੂੰ ਸਮਝਕੇ ਪ੍ਰਤੱਖੀਕਰਣ ਕਰ ਲੈਂਦਾ ਹੈ।ਭਾਵੇਂ ਪ੍ਰਤੱਖੀਕਰਣ ਵਿਚ ਸੰਵੇਦਨਾ ,ਪੁਰਾਣਾ ਅਨੁਭਵ,ਅਰਥ, ਸਿੱਖਣਾ ,ਗਿਆਨ ਆਦਿ ਇਸ ਵਿਚ ਸ਼ਾਮਿਲ ਹੁੰਦਾ ਹੈ।ਅਤੇ ਇਸ ਤੋਂ ਇਲਾਵਾ ਇਸ ਵਿਚ ਤਿੰਨ ਤਰ੍ਹਾਂ ਦੀਆਂ ਪ੍ਰਕ੍ਰਿਆਵਾਂ ਵੀ ਸ਼ਾਮਿਲ ਹੁੰਦੀਆਂ ਹਨ

(1) ਪ੍ਰਾਪਤਕਾਰ ਪ੍ਰਤਿਕ੍ਰਿਆ Receptor Process
(2) ਸੰਕੇਤਿਕ ਪ੍ਰਤੀਕ੍ਰਿਆ Symbolic Process
(3) ਅਫੈਕਟੀਵ ਪ੍ਰਤੀਕ੍ਰਿਆ Affective Process

ਇਸ ਤੋ ਇਲਾਵਾ ਇਸ ਪਾਠ ਵਿਚ ਪ੍ਰਤੱਖੀਕਰਣ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਦਾ ਵੀ ਵੇਰਵਾ ਦਿੱਤਾ ਗਿਆ ਹੈ। ਜਿਸ ਵਿਚ ਮੁੱਖ ਗੈਸਟਾਲਟ ਫੈਕਟਰਜ ਬਹੁਤ ਹੀ ਸਿੱਧ ਹਨ।

9.1. ਭੂਮਿਕਾ :- ਪ੍ਰਤੱਖੀਕਰਣ ਦਾ ਪ੍ਰਯੋਗਾਤਮਕ ਮਨੋਵਿਗਿਆਨ ਕਲੀਨੀਕਲ ਅਤੇ ਸਮਾਜ ਮਨੋਵਿਗਿਆਨ ਵਿਚ ਇਕ ਖਾਸ ਸਥਾਨ ਹੈ। ਵੂੰਡ (Wundt) ਤੋ ਗੈਸਟਾਲਟਸ (Gestalts) ਤੱਕ ਪ੍ਰਤੱਖੀਕਰਣ ਇਕ ਬਹੁਤ ਹੀ ਖਾਸ ਰੂਚੀ ਵਾਲਾ ਵਿਸ਼ਾ ਰਿਹਾ ਹੈ। ਵਾਟਸਨ (Watson) ਨੂੰ ਛੱਡ ਕੇ Woundt,Titchner ,ਅਤੇ Gestalts ਸਭ ਨੇ ਪ੍ਰਤੱਖੀਕਰਣ ਦੀ ਪ੍ਰਕ੍ਰਿਆ ਵਿਚ ਆਪਣਾ ਖਾਸ ਰੋਲ ਅਦਾ ਕੀਤਾ ਹੈ। ਇਹਨਾਂ ਵਿਚGestalts ਪ੍ਰਤੱਖੀਕਰਣ ਦੇ ਵਿਸ਼ੇ ਵਿਚ ਮੁਖ ਚੋਟੀ ਤੇ ਰਹੇ।

9.2. ਪ੍ਰਤਖੀਕਰਨ ਦਾ ਸਰੂਪ: ਬਾਹਰਲੇ ਉਤੇਜਕ ਜਦੋਂ ਗਿਆਨ ਇੰਦਰੀਆਂ ਵਿਚ ਮੌਜੂਦ ਗ੍ਰਾਹਕ ਕੋਸ਼ਾਂ ਨੂੰ ਉਤੇਜਿਤ ਕਰਦੇ ਹਨ, ਤਾਂ ਸੰਵੇਦਨਾਂ ਪੈਦਾ ਹੁੰਦੀ ਹੈ। ਇਸ ਸੰਵੇਦਨਾਂ ਦੀ ਸੂਚਨਾਂ ਜਦੋਂ ਨਾੜੀ ਆਵੇਗਾਂ ਰਾਹੀਂ ਦਿਮਾਗ ਨੂੰ ਜਾਂਦੀ ਹੈ ਤਾਂ ਦਿਮਾਗ ਇਸ ਸੰਵੇਦਨਾਂ ਨੂੰ ਅਰਥ ਦਿੰਦਾ ਹੈ। ਇਸ ਪ੍ਰਕ੍ਰਿਆ ਨੂੰ ਪ੍ਰਤੱਖੀਕਰਨ ਕਿਹਾ ਜਾਂਦਾ ਹੈ ਜਿਵੇ ਸਾਹਮਣੇ

ਪਏ ਮੇਜ ਦਾ ਪ੍ਰਤੀਬਿੰਬ ਜਦੋ ਅੱਖਾਂ ਵਿਚ ਬਣਦਾ ਹੈ ਤਾਂ ਉਸ ਦੀ ਸੰਵੇਦਨਾਂ ਦਿਮਾਗ ਨੂੰ ਜਾਂਦੀ ਹੈ ਅਤੇ ਦਿਮਾਗ ਦੱਸਦਾ ਹੈ ਕਿ ਇਹ ਇਕ ਮੇਜ਼ (Table) ਹੈ।

ਜਿਵੇਂ ਉਪਰ ਦੱਸਿਆ ਹੈ ਕਿ ਜਦੋਂ ਵਾਤਾਵਰਣ ਵਿਚੋਂ ਬਹੁਤ ਸਾਰੇ ਉਤੇਜਕ ਸਾਡੀ ਗਿਆਨ ਇੰਦਰੀਆਂ ਦੁਆਰਾ ਸਾਡੇ ਤੱਕ ਪਹੁੰਚਦੇ ਹਨ ਤਾਂ ਉਸ ਨੂੰ ਸੰਵੇਦਨਾ ਕਹਿੰਦੇ ਹਨ ਜਦੋਂ ਉਹਨਾਂ ਉਤੇਜਕਾਂ ਬਾਰੇ ਜਾਣਕਾਰੀ ਪ੍ਰਾਪਤ ਹੋ ਜਾਵੇ,ਜਾਂ ਅਰਥ ਮਿਲ ਜਾਵੇ ਤਾ ਉਹ ਪ੍ਰਤੱਖੀਕਰਣ ਬਣ ਜਾਦੇ ਹਨ। ਉਦਾਹਰਣ ਵਜੋਂ ਜਦੋਂ ਤੁਸੀ ਇਕ ਵੱਡੀ ਚੀਜ਼ ਉਡਦੀ ਹੋਈ ਦੇਖਦੇ ਹੋ ਤਾਂ ਉਹ ਸੰਵੇਦਨਾਂ ਹੈ ਜਦੋ ਉਸ ਨੂੰ ਇਹ ਪਹਿਚਾਨ ਲੈਂਦੇ ਹਾਂ ਕਿ ਉਹ ਹਵਾਈ ਜਹਾਜ ਉਡ ਰਿਹਾ ਹੈ ਤਾਂ ਇਹ ਪ੍ਰਤੱਖੀਕਰਣ ਹੈ।ਇਸ ਤਰ੍ਹਾਂ ਅਸੀ ਕਹਿ ਸਕਦੇ ਹਾਂ ਕਿ ਪ੍ਰਤੱਖੀਕਰਣ ਇੱਕ Sensory stimulation ਦੇ ਬਾਰੇ ਜਾਣਕਾਰੀ ਜਾਂ ਜਾਗਰੂਪਤਾ ਹੈ।(Perception is the awareness of sensory stimulation).ਪਰ ਇਹ ਪਰਿਭਾਸ਼ਾ ਪੂਰੀ ਨਹੀ ਹੈ ਕਿਉਂਕਿ ਜਾਗਰੂਪਤਾ ਦੇ ਨਾਲ ਪ੍ਰਤੱਖੀਕਰਣ ਵਿਚ ਜਾਗਰੂਪਤਾ ਦਾ ਗਿਆਨ ਅਤੇ ਅਰਥ ਵੀ ਸ਼ਾਮਿਲ ਹੈ । ਜਿਹੜਾ ਕਿ ਪੁਰਾਣੇ ਅਨੁਭਵਾਂ ਦੇ ਅਧਾਰ ਤੇ ਨਰੀਖਣ ਕੀਤਾ ਜਾਂਦਾ ਹੈ। ਜਦੋ ਕੋਈ ਵਿਅਕਤੀ ਕਿਸੇ ਉਤੇਜਕ ਦਾ ਸਾਹਮਣਾ ਕਰਦਾ ਹੈ ਤਾਂ ਉਹ ਸੰਵੇਦਨਾ ਪ੍ਰਾਪਤ ਕਰਦਾ ਹੈ । ਇਹ ਸੰਵੇਦਨਾਂ ਭਾਵੇ ਦ੍ਰਿਸ਼ਟੀ ,ਸ੍ਰਣਵ ਜਾਂ ਸੁਣਨ,ਸੁੰਘਣ ਸੰਵੇਦਨਾਵਾਂ ਹੋਣ । ਜਦੋ ਵਿਅਕਤੀ ਅਗਾ ਵੱਧ ਕੇ ਆਪਣੇ ਪੁਰਾਣੇ ਅਨੁਭਾਂਵਾ ਅਤੇ ਸਿੱਖਣ ਦੇ ਅਧਾਰ ਤੇ ਉਸ ਸੰਵੇਦਨਾ ਨੂੰ ਗਿਆਨ ਦਿੰਦਾ ਹੈ ਤਾਂ ਉਹ ਪ੍ਰਤੱਖੀਕਰਣ ਬਣ ਜਾਂਦੀ ਹੈ।

Titchner ਨੇ ਪ੍ਰਤੱਖੀਕਰਣ ਦੀ ਵਿਆਖਿਆ ਕਰਦੇ ਹੋਏ ਕਿਹਾ ਕਿ ਇਹ ਮਾਨਸਿਕ ਕ੍ਰਿਆਵਾਂ ਵੱਲੋ ਆਈਆਂ ਹੋਈਆਂ ਉਹ ਗੁਣ ਵਿਸ਼ੇਸ਼ਤਾਵਾਂ ਹਨ ਜਿਹੜੀਆਂ ਕਿ Sends impression ਦੇ ਵਿਚੋ ਗੁੰਝਣਦਾਰ ਅਨੁਭਾਵਾਂ ਦੇ ਨਾਲ ਮਿਲ ਕੇ ਸਾਹਮਣੇ ਆਉਦੀ ਹੈ।(Perception is always built upon complex experience out of sense impression ,Characterestics and qualities supplied by mental activities). ਇਸੇ ਤਰ੍ਹਾਂ Hebb ਨੇ ਚੁਣਵੀ ਪ੍ਰਤੱਖੀਕਰਣ ਦੇ ਸਰੂਪ ਤੇ ਜੋਰ ਦਿੱਤਾ ਹੈ। ਉਸ ਨੇ ਕਿਹਾ ਕਿ ਅਸੀ ਹਰ ਕੋਈ ਉਤੇਜਿਕ ਨੂੰ ਨਰੀਖਣ ਕਰ ਸਕਦੇ ਹਾਂ, ਸਗੋਂ ਉਸੇ ਉਤੇਜਕ ਨੂੰ ਨਰੀਖਣ ਕਰਦੇ ਹਾਂ ਜਿਸ ਨੂੰ ਚੁਣਦੇ ਹਾਂ। ਇਸੇ ਲਈ ਉਹ ਵਿਆਖਿਆ ਕਰਦੇ ਹੋਏ ਕਹਿੰਦਾ ਹੈ ਕਿ ਪ੍ਰਤੱਖੀਕਰਣ ਅਨੁਕ੍ਰਿਆਂ ਦੀ ਲਈ ਸੂਚਨਾ,ਸ਼ਰਾਂਸ ਅਤੇ ਤਿਆਰੀ ਦੀ ਪ੍ਰਕ੍ਰਿਆ ਹੈ।(It is a process of information extraction and preparation for response).

ਪ੍ਰਤੱਖੀਕਰਣ ਇਕ ਗੁਲਝਦਾਰ ਪ੍ਰਕ੍ਰਿਆ ਦਾ ਸੰਗਠਨ ਹੈ ਜਿਸ ਵਿਚ ਸੰਵੇਦਨਾਂ ,ਧਿਆਨ ਅਤੇ ਅਰਥ ਸ਼ਾਮਿਲ ਹੈ। ਇਸੇ ਲਈ kimnel ਅਤੇ Germazy(1980) ਆਪਣੇ ਵਿਚਾਰ ਦਿੰਦੇ ਹੋਏ ਕਹਿੰਦੇ ਹਨ ਕਿ ਪ੍ਰਤੱਖੀਕਰਣ ਦਿਮਾਗੀ ਚੇਤਨਾ ਦੀ ਸੂਚਨਾ ਦੀ ਵਿਆਖਿਆ ਹੈ। (Perception as the interpritation of sensory information) ਮੰਨ ਲਉ ਕਿ ਤੁਸੀਂ ਇਕ ਅਵਾਜ਼ ਸੁਣੀ । ਇਹ ਇਕ ਸੰਵੇਦਨਾਂ ਹੈ ਜਿਹੜੀ ਕਿ ਸਾਡੇ ਕੰਨ ਦੁਆਰਾ ਸੁਣੀ ਗਈ ਅਤੇ ਤੁਸੀਂ ਫੈਸਲਾ ਕੀਤਾ ਕਿ ਇਸ ਤੇ ਧਿਆਨ ਦਿੱਤਾ ਜਾਵੇ,ਨਰੀਖਣ ਕੀਤਾ ਜਾਵੇ ਕਿ ਇਹ ਅਵਾਜ਼ ਕਿਸ ਦੀ ਹੈ ਤੇ ਕਿਥੋਂ ਆਈ ਹੈ। ਇਹ ਸਾਰੀ ਵਿਆਖਿਆ ਵਿਅਕਤੀ ਦੇ ਪੁਰਾਣੇ ਅਨੁਭਵ ਅਤੇ ਸਿੱਖਣ ਦੇ ਅਧਾਰ ਤੇ ਹੰਦੀ ਹੈ। ਆਖਰ ਇਹ ਪਤਾ ਲੱਗਾ ਕਿ ਇੱਕ ਇਕ ਲੜਕੇ ਦੀ ਅਵਾਜ਼ ਹੈ ਤੇ ਆਗਲੇ ਦਰਵਾਜੇ ਤੋਂ ਆਈ ਹੈ।

ਪ੍ਰਤੱਖੀਕਰਣ ਦੀ ਪਰਿਭਾਸ਼ਾਵਾਂ:-

The term perception may be defined as under:

E.G.Boring, H.S.Langfield &H.P.Weld (1948): "Perception is the first event in the chain which leads from the stimulus to action."(1999)

Charles G. Morris : "All the processes involved in creating meaningful patterns out of a jumble of sensory impressions fall under the general category of perception."

Edmund Fantino and G.S.Renolds(1995): "Perception is the organising process by which we interpret our sensory input."(1995)

O.Desiderato,D.B.Howieson & J.H.Jackson(1996) " Perception is the experience of objects,events or relationships obtained by extracting information from and interpreting sensations."(1996)

R.E.Silverman(1999): "Perception is an individual's awareness aspect of behaviour ,for it is the way each person processes the raw data he or she receives from the environment, into meaningful patterns."

Atkinson & Hilgard:,(1983), " Perception is the process by which we organize and interpret patterns of stimuli in the environment."

Coleman,(1999), "Perception is the process by which an organism obtains information about the state of his own internal organs and states of the world about it."

Morgan,King &Robinson (1981), "Perception is what is immediate experience by a person."

Ruch :(1969), "Perception is an active process."

Definition:- ਪ੍ਰਤੱਖੀਕਰਨ ਉਹ ਗਿਆਨਾਤਮਕ ਪ੍ਰਕ੍ਰਿਆ ਹੈ ਜਿਸ ਵਿਚ ਸੰਵੇਦਨਾਂ ਨੂੰ ਅਰਥ ਦਿੱਤਾ ਜਾਂਦਾ ਹੈ ।

ਸੰਵੇਦਨਾਂ ਇਕ ਸਧਾਰਨ ਪ੍ਰਕ੍ਰਿਆ ਹੈ,ਜਦੋ ਕਿ ਪ੍ਰਤੱਖੀਕਰਨ ਇਕ ਗੁੰਝਲਦਾਰ ਪ੍ਰਕ੍ਰਿਆ ਹੈ,ਪ੍ਰਤੱਖੀਕਰਨ ਹੋਣ ਲਈ ਸੰਵੇਦਨਾਂ ਲਈ ਸੰਵੇਦਨਾਂ ਦੀ ਪ੍ਰਕ੍ਰਿਆ ਜਰੂਰੀ ਹੈ ਜਦੋ ਕਿ ਪ੍ਰਤੱਖੀਕਰਨ ਸੰਵੇਦਨਾਂ ਲਈ ਜਰੂਰੀ ਨਹੀ। ਸੰਵੇਦਨਾਂ ਪਹਿਲੇ ਚਰਨ ਦੀ ਪ੍ਰਕ੍ਰਿਆ ਹੈ ਜਦੋ ਕਿ ਪ੍ਰਤੱਖੀਕਰਨ ਦੂਸਰੇ ਚਰਨ ਦੀ ਪ੍ਰਕ੍ਰਿਆ ਹੈ।

9 .3 . ਪ੍ਰਤੱਖੀਕਰਨ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ:-

ਪ੍ਰਤੱਖੀਕਰਨ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਤਿੰਨ ਪ੍ਰਕਾਰ ਦੇ ਹੁੰਦੇ ਹਨ।

9.3.1. ਵਿਅਕਤੀਗਤ ਜਾਂ ਅੰਤਰਮੁਖੀ ਕਾਰਕ (Individual or subjective Factor)

9.3.2. ਗੈਸਟਾਲਟ ਜਾਂ ਸੰਗਠਨਾਤਮਕ ਕਾਰਕ (Gestalt or Organisational Factor)

9.3.3. ਬਾਹਰਮੁਖੀ ਕਾਰਕ (Objective Factor)

9.3.1. ਵਿਅਕਤੀਗਤ ਜਾਂ ਅੰਤਰਮੁਖੀ ਕਾਰਕ (Individual or subjective Factor)

9.3.1.1. ਲੋੜਾਂ ਅਤੇ ਪ੍ਰੇਰਨਾਵਾਂ;- ਵਿਅਕਤੀ ਦੀਆਂ ਲੋੜਾਂ ਅਤੇ ਪ੍ਰੇਰਨਾਵਾਂ ਉਸਦੇ ਪ੍ਰਤੱਖੀਕਰਨ ਨੂੰ ਕਾਫੀ ਪ੍ਰਭਾਵਿਤ ਕਰਦੀਆਂ ਹਨ ਜਿਵੇਂ ਇਕ ਭੁੱਖੇ ਯਾਤਰੀ ਨੂੰ ਰਸਤੇ ਵਿਚ ਆਉਣ ਵਾਲੀ ਖਾਣ ਪੀਣ ਦੀ ਹਰ ਚੀਜ ਦਾ ਪੂਰਾ ਪਤਾ ਹੁੰਦਾ ਹੈ। ਇਕ ਪ੍ਰਯੋਗ ਵਿਚ (ਸਬਜੈਕਟ) ਨੂੰ ਕੁੱਝ ਘੰਟੇ ਭੁੱਖਾ ਰੱਖਿਆ ਗਿਆ ਅਤੇ ਫਿਰ Techistoscope ਰਾਹੀ ਕੁੱਝ ਸ਼ਬਦ ਦਿਖਾਏ ਗਏ, ਤਾਂ(ਸਬਜੈਕਟ) ਨੇ ਕਾਫੀ ਸ਼ਬਦਾਂ ਨੂੰ ਭੋਜਨ ਨਾਲ ਸੰਬੰਧਿਤ ਸ਼ਬਦਾਂ ਦੇ ਰੂਪ ਵਿਚ ਦੱਸਿਆ। ਜਿਵੇ Good ਉਸਨੂੰ Food ਨਜ਼ਰ ਆਇਆ।

9.3.1.2. ਰਵੱਈਆਂ (Attitude):- ਵਿਅਕਤੀ ਦਾ ਰਵੱਈਆ ਵੀ ਪ੍ਰਤੱਖੀਕਰਨ ਨੂੰ ਪ੍ਰਭਾਵਿਤ ਕਰਦਾ ਹੈ । Sherif ਨੇ ਇਕ ਪ੍ਰਯੋਗ ਵਿਚ ਸਿੱਧ ਕੀਤਾ ਹੈ, ਕਿ ਜਿੰਨਾਂ ਸਮੂਹਾਂ ਪ੍ਰਤੀ ਸਾਨੂੰ ਨਫਰਤ ਹੁੰਦੀ ਹੈ। ਉਹਨਾਂ ਦੇ ਚੰਗੇ ਕੰਮ ਵੀ ਸਾਨੂੰ ਮਾੜੇ ਨਜ਼ਰ ਆਉਂਦੇ ਹਨ।

9.3.1.3. ਮਾਨਸਿਕ ਤੱਤਪਰਤਾ (Mental Set):- ਮਾਨਸਿਕ ਤੱਤਪਰਤਾ ਵੀ ਪ੍ਰਤੱਖੀਕਰਨ ਨੂੰ ਪ੍ਰਭਾਵਿਤ ਕਰਦੀ ਹੈ, ਜਿਸ ਕੰਮ ਲਈ ਵਿਅਕਤੀ ਮਾਨਸਿਕ ਤੋਰ ਤੇ ਤਿਆਰ ਹੁੰਦਾ ਹੈ ਉਸ ਕੰਮ ਦਾ ਪ੍ਰਤੱਖੀਕਰਨ ਵੀ ਜਲਦੀ ਹੋ ਜਾਂਦਾ ਹੈ ,ਜਿਵੇਂ ਉਹ ਪ੍ਰਸ਼ਨ ਜਿੰਨਾਂ ਨੂੰ ਯਾਦ ਕਰਨ ਲਈ ਕਾਫੀ ਸਮਾਂ ਲੱਗ ਜਾਂਦਾ ਹੈ। ਪੇਪਰਾਂ ਦੇ ਦਿਨਾਂ ਵਿਚ ਜਲਦੀ ਹੋ ਜਾਂਦਾ ਹੈ । ਇਕ ਹੋਰ ਪ੍ਰਯੋਗ ਵਿਚ ਵੇਖਿਆ ਗਿਆ ਹੈ,ਕਿ ਬੇਤਰਤੀਬ ਸ਼ਬਦਾਂ ਨੂੰ ਤਰਤੀਬ ਵਿਚ ਲਿਆਉਣ ਲਈ Subject ਨੂੰ ਮਾਨਸਿਕ ਤੌਰ ਤੇ ਤਿਆਰ ਕੀਤਾ ਗਿਆ ਹੋਵੇ ਤਾਂ Subject ਜਲਦੀ ਤਰਤੀਬ ਵਿਚ ਲੈ ਅਉਦਾ ਹੈ।

ਮਾਨਸਿਕ ਤੱਤਪਰਤਾ ਦੇ ਕਾਰਨ ਭੁਲੇਖਾ ਵੀ ਪੈ ਜਾਂਦਾ ਹੈ ਜਿਵੇਂ ਤੁਹਾਨੂੰ ਨਿਸ਼ਚਿਤ ਸਮੇ ਤੇ ਕਿਸੇ ਦੋਸਤ ਦਾ ਇੰਤਜਾਰ ਹੈ ਤਾਂ ਉਸ ਸਮੇ ਪੜੋਸ ਵਿਚ ਹੋਈ ਦਸਤਕ ਵੀ ਅਪਣੇ ਘਰ ਹੋਈ ਪ੍ਰਤੀਤ ਹੁੰਦੀ ਹੈ।

9.3.1.4. ਰੁਚੀ (Interest):- ਸਾਡਾ ਪ੍ਰਤੱਖੀਕਰਨ ਰੁਚੀ ਦੁਆਰਾ ਵੀ ਪ੍ਰਭਾਵਿਤ ਹੁੰਦਾ ਹੈ, ਜਿਸ ਚੀਜ ਵਿਚ ਵਿਅਕਤੀ ਦੀ ਰੁਚੀ ਹੁੰਦੀ ਹੈ ਉਸਦਾ ਪ੍ਰਤੱਖੀਕਰਨ ਵੀ ਜਲਦੀ ਹੁੰਦਾ ਹੈ। ਜਿਵੇ ਬਾਜਾਰ ਵਿਚ ਆਈ ਹੋਈ ਕੋਈ ਵੀ ਨਵੀ Dress ਦਾ ਲੜਕੀਆਂ ਨੂੰ ਜਲਦੀ ਪਤਾ ਚਲ ਜਾਂਦਾ ਹੈ। ਉਸੇ ਤਰ੍ਹਾਂ ਸ਼ਹਿਰ ਵਿਚ ਲੱਗੀ ਫਿਲਮ ਦਾ ਲੜਕਿਆਂ ਨੂੰ ਜਲਦੀ ਪਤਾ ਲੱਗ ਜਾਂਦਾ ਹੈ।

9.3.1.5. ਜਾਣ-ਪਛਾਣ (Introduction):- ਜਿੰਨਾਂ ਵਿਅਕਤੀਆਂ ਉਤੇਜਕਾਂ ਜਾਂ ਵਸਤੂਆਂ ਨਾਲ ਜਾਣ-ਪਛਾਣ ਹੁੰਦੀ ਹੈ। ਉਹਨਾਂ ਦਾ ਪ੍ਰਤੱਖੀਕਰਨ ਜਲਦੀ ਹੁੰਦਾ ਹੈ,ਜਿਵੇ ਕੋਈ ਵੀ ਵਿਅਕਤੀ ਆਪਣੇ ਮਾਤਾ-ਪਿਤਾ ਨੂੰ ਦੂਰੋਂ ਹੀ ਪਹਿਚਾਨ ਲੈਂਦਾ ਹੈ।

9.3.1.6. ਸੰਵੇਗ(Emotion):-ਸੰਵੇਗ ਵੀ ਵਿਅਕਤੀ ਦੇ ਪ੍ਰਤੱਖੀਕਰਨ ਨੂੰ ਪ੍ਰਭਾਵਿਤ ਕਰਦੇ ਹਨ,ਜਿਵੇ ਰਾਤ ਦੇ ਸਮੇ ਡਰੇ ਹੋਏ ਵਿਅਕਤੀ ਨੂੰ ਦਰੱਖਤ ਵੀ ਭੂਤ ਨਜ਼ਰ ਆਉਦਾ ਹੈ। ਹਨੇਰੇ ਵਿਚ ਪਈ ਰੱਸੀ ਵੀ ਸੱਪ ਲੱਗਦੀ ਹੈ।

9.3.1.7. ਮੁੱਲ (Value):- ਵਿਅਕਤੀ ਦੀਆਂ Values ਵੀ ਪ੍ਰਤੱਖੀਕਰਨ ਨੂੰ ਪ੍ਰਭਾਵਿਤ ਕਰਦੀਆਂ ਹਨ, ਜਿਵੇ ਜਿਸ ਘਰ ਵਿਚ ਸ਼ਰਾਬ ਆਮ ਚੱਲਦੀ ਹੋਵੇ ,ਉਥੇ ਬੱਚੇ ਸ਼ਰਾਬ ਨੂੰ ਮਾੜਾ ਨਹੀ ਸਮਝਦੇ ਅਤੇ ਦੂਸਰੇ ਪਾਸੇ ਜਿੱਥੇ ਸ਼ਰਾਬ ਨੂੰ ਹੱਥ ਨਹੀ ਲਾਇਆ ਜਾਂਦਾ ਉਥੇ ਬੱਚੇ ਸ਼ਰਾਬ ਨੂੰ ਮਾੜਾ ਸਮਝਦੇ ਹਨ।

Costman ਅਤੇ Osgood ਨੇ ਇਕ ਪ੍ਰਯੋਗ ਕੀਤਾ । ਉਸਨੇ ਬੱਚਿਆਂ ਦੇ ਦੋ Group ਬਣਾਏ। ਉਸਨੇ ਇਕ ਗਰੁੱਪ ਗਰੀਬ ਬੱਚਿਆਂ ਦਾ ਅਤੇ ਇੱਕ ਗਰੁੱਪ ਅਮੀਰ ਬੱਚਿਆਂ ਦਾ ਬਣਾਇਆ। ਉਹਨਾਂ ਨੂੰ ਇਕ ਰੁਪਏ ਦਾ ਸਿੱਕਾ ਦਿਖਾਇਆ ਗਿਆ ਅਤੇ ਬਾਅਦ ਵਿਚ ਕਾਪੀ ਵਿਚ ਉਸ ਸਾਇਜ ਦਾ Circle ਬਣਾਉਣ ਲਈ ਕਿਹਾ ਗਿਆ ਇਹ ਦੇਖਿਆ ਗਿਆ, ਕਿ ਅਮੀਰ ਬੱਚਿਆ ਦਾ Circle ਦਾ ਆਕਾਰ ਛੋਟਾ ਸੀ ਅਤੇ ਜਦੋਂ ਕਿ ਗਰੀਬ ਬੱਚਿਆਂ ਦਾ ਬਣਾਇਆ Circle ਵੱਡਾ ਸੀ।

9.3.1.8. ਆਦਤ (Habbit) :- ਵਿਅਕਤੀ ਦੀਆਂ ਆਦਤਾਂ ਵੀ ਪ੍ਰਤੱਖੀਕਰਨ ਨੂੰ ਪ੍ਰਭਾਵਿਤ ਕਰਦੀਆਂ ਹਨ,ਜਿਵੇਂ ਹੇਠਾਂ ਦਿਖਾਏ ਗਏ ABCD ਨੂੰ ਕੋਈ ਵਿਅਕਤੀ ABCD ਪੜ੍ਹੇਗਾ ਅਤੇ B25 ਨੂੰ 1325 ਪੜੇਗਾ।

ABCD ਅਤੇ B25

9.3.2. ਗੈਸਟਾਲਟ ਜਾਂ ਸੰਗਠਨਾਤਮਕ ਕਾਰਕ:-

Werthiemer ,Kohlar, or Koffka ਜਿਹੜਾ ਕਿGestalt School ਦੇ ਵਿਚਾਰਕ ਹਨ। ਇਹਨਾਂ ਨੇ ਕੁਝ ਨਿਯਮ ਦਿੱਤੇ ਹਨ ਜਿਹੜੇ ਕਿ ਪ੍ਰਤੱਖੀਕਰਨ ਨੂੰ ਪ੍ਰਭਾਵਿਤ ਕਰਦੇ ਹਨ। ਇਹ ਨਿਯਮ ਜਾਂ ਕਾਰਕ ਹੇਠਾਂ ਅਨੁਸਾਰ ਹਨ।

9.3.2.1. ਸਮੀਪਤਾ (Proximity):- ਇਸ ਨਿਯਮ ਅਨੁਸਾਰ ਜਿਹੜੇ ਉਤੇਜਕ ਸਮਾਂ ਅਤੇ ਸਥਾਨ ਦੇ ਨੇੜੇ ਹੋਣਗੇ । ਉਹ ਪ੍ਰਤੱਖੀਕਰਨ ਵਿਚ ਇਕ ਇਕਾਈ ਵਿਚ ਸੰਗਠਿਤ ਹੋ ਜਾਂਦੇ ਹਨ। ਜਿਵੇਂ ਕਿ ਦਿਖਾਏ ਗਏ ਫੋਟੋ ਨੰ:-1 ਵਿਚ squares ਤਿੰਨ ਲਾਇਨਾਂ ਵਿਚ ਸੰਗਠਿਤ ਨਜ਼ਰ ਆਉਦੇ ਹਨ। ਫੋਟੋ ਨੰ 2 ਵਿਚ ਖੱਬੇ ਪਾਸੇ 6 ਸਰਕਲ ਸੰਗਠਿਤ ਖੜੇ ਹੋਏ ਦਿਖਾਈ ਦੇ ਰਹੇ ਹਨ ਜਦੋ ਕਿ ਸੱਜੇ ਪਾਸੇ 6 ਸਰਕਲ ਸੰਗਠਿਤ ਲੈਟੇ ਹੋਏ ਦਿਖਾਈ ਦੇ ਰਹੇ ਹਨ।





ਫੋਟੋ ਨੰ:-1

ਫੋਟੋ ਨੰ:-2

9.3.2.2. ਸਮਾਨਤਾ ਦਾ ਨਿਯਮ (Similarity):-ਇਸ ਨਿਯਮ ਦੇ ਅਨੁਸਾਰ ਜਿਹੜੀਆਂ ਵਸਤੂਆਂ ਜਾਂ ਉਤੇਜਿਕ ਕਿਸੇ ਸਮਾਂ ਜਾਂ ਸਥਾਨ ਤੇ ਸਮਾਨ ਦੂਰੀ ਤੇ ਹੁੰਦੀਆਂ ਹਨ, ਉਹ ਸਮਾਨਤਾ ਦੇ ਅਧਾਰ ਤੇ ਪ੍ਰਤੱਖੀਕਰਨ ਵਿਚ ਇਕ ਯੂਨਿਟ ਵਿਚ ਸੰਗਠਿਤ ਹੋ ਜਾਣਗੀਆਂ ਜਿਵੇਂ ਦਿਖਾਏ ਗਏ ਚਿੱਤਰ ਵਿਚ ਕੋਈ ਵੀ ਵਿਅਕਤੀ ਦੋ Cross ਦੀਆਂ ਦੋ dotes ਦੀਆਂ ਲਾਇਨਾਂ ਦਾ ਪ੍ਰਤੱਖੀਕਰਨ ਕਰਣਗੇ। ਫੋਟੋ ਨੰ 3 ਵਿਚ ਭਾਵੇ 2 ਲਾਈਨਾ ਕਰੋਸ ਦੀਆਂ ਹਨ ਅਤੇ ਦੋ ਲਾਈਨਾ ਗੋਲ ਜੀਰੋ ਦੀਆਂ ਹਨ ਪਰ ਇਹ ਇਕ ਇਕਾਈ ਵਿਚ ਸਕੈਅਰ ਦੀ ਸ਼ਕਲ ਵਿਚ ਦਿਖਾਈ ਦਿੰਦੇ ਹਨ। ਇਸ ਤਰ੍ਹਾਂ ਫੋਟੋ ਨੰ 4 ਵਿਚ ਸਕੈਅਰ ਅਤੇ ਸਰਕਲ ਦੀਆਂ ਦੋ ਦੋ ਲਾਈਨਾ ਹਨ । ਪਰ ਇਕ ਇਕਾਈ ਵਿਚ ਇਕ ਸਕੈਅਰ ਦੀ ਸ਼ਕਲ ਵਿਚ ਦਿਖਾਈ ਦਿੰਦੀਆਂ ਹਨ।



ਫੋਟੋ ਨੰ:-3



ਫੋਟੋ ਨੰ:-4

9.3.2.3. ਨਿਰੰਤਰਤਾ (Continuity) :- ਇਸ ਨਿਯਮ ਅਨੁਸਾਰ ਜਿਹੜੇ ਉਤੇਜਕ ਨਿਰੰਤਰ ਹੁੰਦੇ ਰਹਿੰਦੇ ਹਨ,ਉਹ ਇਕ ਇਕਾਈ ਵਿਚ ਸੰਗਠਿਤ ਹੋ ਜਾਂਦੇ ਹਨ। ਜਿਵੇਂ ਚਿੱਤਰ ਵਿਚ ਦਿਖਾਏ ਗਏ ਖਾਲੀ ਸਥਾਨ ਵਿਚ ਕੋਈ ਵੀ ਵਿਅਕਤੀ ਪੰਜ ਦਾ ਅੰਕ ਭਰੇਗਾ। ਫੋਟੋ ਨੰ 5 ਵਿਚ ਸਰਕਲ ਉਪਰ ਨੂੰ ਅਤੇ ਹੇਠਾਂ ਨੂੰ ਬਣੇ ਹੋਏ ਹਨ। ਇਸ ਤਰ੍ਹਾਂ ਇਹ ਇਕ ਨਿਰੰਤਰ ਵਿਚ ਹਨ ਭਾਵ ਇਕ ਕਰਵ(curve) ਉਪਰ ਨੂੰ ਬਣਦੀ ਹੈ ਤੇ ਦੂਸਰੀ ਹੇਠਾਂ ਨੂੰ ਬਣਦੀ ਹੈ। ਇਸੇ ਤਰ੍ਹਾਂ ਫੋਟੋ ਨੰ 6 ਵਿਚ AC,DB, ਲਿਖਿਆ ਹੋਇਆ ਹੈ ਪਰ ਨਿਰੰਤਰ ਦੇ ਕਾਰਨ ਇਹ ਇਕ X ਦੀ ਸ਼ਕਲ ਦਿਖਾਈ ਦਿੰਦੇ ਹਨ ਜਿਵੇਂ a b,c d. ।



ਫੋਟੋ ਨੰ:-5

9.3.2.4. ਸਯੁੰਕਤਾ(Inclusiveness) :- ਇਸ ਨਿਯਮ ਦੇ ਅਨੁਸਾਰ ਕਿਸੇ ਉਤੇਜਕ ਜਾਂ ਵਸਤੂ ਦੇ ਪ੍ਰਤੱਖੀਕਰਨ ਵਿਚ ਉਸਦੇ ਵੱਖ-ਵੱਖ ਭਾਗ ਸੰਗਠਿਤ ਹੋ ਕੇ ਇਕ ਇਕਾਈ ਵਿਚ ਸੰਗਠਿਤ ਹੋ ਜਾਂਦੇ ਹਨ। ਜਿਵੇਂ ਦਿਖਾਏ ਗਏ ਚਿੱਤਰ ਵਿਚ ਦੋ Triangles ਇਕ ਦੂਜੇ ਦੇ ਉਲਟੀਆਂ ਪਾਈਆਂ ਹਨ, ਇਸਨੂੰ ਕੋਈ ਵੀ ਵਿਅਕਤੀ Star ਦੇ ਰੂਪ ਵਿਚ ਦੇਖੇਗਾ।



ਫੋਟੋ ਨੰ:-6

9.3.2.5. ਪੂਰਤੀ ਜਾਂ ਸਮਾਪਣ (Closure):- ਜਿਹੜੀਆਂ ਵਸਤਾਂ ਜਾਂ ਉਤੇਜਕ ਅਧੂਰੇ ਹੁੰਦੇ ਹਨ, ਵਿਅਕਤੀ ਪ੍ਰਤੱਖੀਕਰਨ ਸਮੇ ਅਧੂਰੇ ਭਾਗਾਂ ਨੂੰ ਪੂਰਾ ਕਰਕੇ ਸੰਪੂਰਨ ਰੂਪ ਵਿਚ ਦੇਖਦਾ ਹੈ ਜਿਵੇਂ ਦਿਖਾਏ ਚਿੱਤਰ ਨੂੰ ਕੋਈ ਵਿਅਕਤੀ Triangles, Squares and Circle ਦੇਖੇਗਾ। ਜਦੋ ਕੇ ਇਹਨਾਂ ਦੀਆਂ ਭੁਜਾਵਾਂ ਆਪਸ ਵਿਚ ਮਿਲਦੀਆ ਹੀ ਨਹੀ ਇਹ ਅਧੂਰੀਆਂ ਹਨ। ਫੋਟੋ ਨੰ 9 ਵਿਚ ਸਮਾਪਣ ਸਾਫ ਦਿੱਖਦਾ ਹੈ ਇਕ ਗੂੜੀ ਕਾਲੇ ਰੰਗ ਦੀ ਤਿਕੋਣ ਦਿਖਾਈ ਦਿੰਦੀ ਹੈ ਅਤੇ ਇਕ ਸਫੈਦ ਰੰਗ ਦੀ ਉਲਟ ਤਿਕੋਣ ਦਿਖਾਈ ਦਿੰਦੀ ਹੈ। ਇਸੇ ਤਰ੍ਹਾਂ ਫੋਟੋ ਨੰ 8 ਵਿਚ ਸਰਕਲ ਦੀ ਥਾਂ ਸਮਾਪਣ ਕਰਕੇ ਇਕ ਚੈਨ ਦੀ ਸ਼ਕਲ ਵਿਚ ਦਿਖਾਈ ਦਿੰਦੇ ਹਨ । ਫੋਟੋ ਨੰ 9 ਵਿਚ ਖੜੀਆ ਲਾਈਨਾ ਲਗਿਆਂ ਹਨ ਪਰ ਇਹ ਦੋ ਦੋ Parrell ਦਿਖਾਈ ਦਿੰਦੀਆਂ ਹਨ। ਇਸੇ ਤਰਾਂ ਫੋਟੋ ਨੰ 10 ਵਿਚ ਵੰਡੀ ਬਰੇਕਟ ਨੇੜੇ ਲਗਾਉਣ ਨਾਲ ਸਕੈਅਰ ਦਿਖਾਈ ਦਿੰਦੇ ਹਨ।



Law of Closure:

ਫੋਟੋ ਨੰ:-9



Law of Pragnanz:

ਫੋਟੋ ਨੰ:-8



ਫੋਟੋ ਨੰ:-9

ਫੋਟੋ ਨੰ:-10

9.3.2.6. ਪ੍ਰਸ਼ਨ ਭੂਮੀ ਅਤੇ ਚਿੱਤਰ (Back Ground and Figure):- ਪ੍ਰਤੱਖੀਕਰਨ ਸਮੇਂ ਚਿੱਤਰ ਪ੍ਰਸ਼ਨ ਭੂਮੀ ਤੋ ਪਹਿਲਾਂ ਪ੍ਰਤੱਖ ਹੁੰਦਾ ਹੈ।

ਫੋਟੋ ਨੰ:-11

ਫੋਟੋ ਨੰ:-12

ਫੋਟੋ ਨੰ 11 ਵਿਚ ਇਕ ਕਾਲੇ ਰੰਗ ਅਤੇ ਸਫੈਦ ਰੰਗ ਨਾਲ ਮਿਲਾ ਕੇ ਚਿੱਤਰ ਬਣਾਈ ਹੋਈ ਹੈ। ਇਸ ਇਕ ਪ੍ਰਸ਼ਨ ਭੂਮੀ ਤੇ ਦੂਸਰੀ ਚਿੱਤਰ ਹੈ। ਜੇ ਅਸੀ ਸਫੈਦ ਰੰਗ ਨੂੰ ਦੇਖਦੇ ਹਾਂ ਉਹ ਗੁਲਦਸਤਾ ਚਿੱਤਰ ਦੇ ਰੂਪ ਵਿਚ ਅਤੇ ਕਾਲਾ ਰੰਗ ground ਦੇ ਤੋਰ ਤੇ ਦਿਖਾਈ ਦਿੰਦਾ ਹੈ। ਪਰ ਜੇ ਕਾਲੇ ਰੰਗ ਨੂੰ ਦੇਖਦੇ ਹਾਂ ਤਾਂ ਉਹ ਚਿੱਤਰ ਦੇ ਤੋਰ ਤੇ ਦੋ ਮੂੰਹ ਦਿਖਾਈ ਦਿੰਦੇ ਤੇ ਸਫੈਦ ਰੰਗ ground ਦੇ ਤੋਰ ਤੇ ਦਿਖਾਈ ਦਿੰਦਾ ਹੈ। ਇਸੇ ਤਰ੍ਹਾਂ ਫੋਟੋ ਨੰ12 ਵਿਚ ਇਕ ਸਰਕਲ ਵਿਚ ਦੋ ਰੰਗਾ ਦੇ ਨਾਲ ਇਕ ਪਖਾ ਬਣਾਇਆ ਹੋਇਆ ਹੈ । ਜਿਸ ਵਿਚ ਸਫੈਦ ਰੰਗ ਦੀਆਂ ਤਿਕੋਣਾ ਦਿਖਾਈ ਦਿੰਦੀਆਂ ਹਨ ਜੋ ਕਿ ਚਿੱਤਰ ਦੇ ਤੋਰ ਤੇ ਹਨ ਤੇ ਕਾਲੇ ਰੰਗ ਪ੍ਰਸ਼ਨ ਭੂਮੀ ਦਿਖਾਈ ਦਿੰਦੀ ਹੈ।

9.3.2.7. ਸਮਮਾਪ (Symmetry or Good Figure):-



ਫੋਟੋ ਨੰ:-13

ਫੋਟੋ ਨੰ 13 ਵਿਚ ਤਿੰਨ ਸ਼ਕਲਾਂ ਦਿਖਾਈ ਦਿੰਦੀਆਂ ਹਨ । ਇਕ ਤਿਕੋਨਾ, ਇਕ ਸਰਕਲ ਅਤੇ ਇਕ ਸਕੈਅਰ ਦਿਖਾਈ ਦਿੰਦਾ ਹੈ। ਜਦੋ ਕਿ ਇਹ ਪੂਰੀ ਤਰ੍ਹਾਂ ਸ਼ਕਲ ਨਹੀ ਬਣਦੀ ਪਰ ਫਿਰ ਵੀ ਸਮਾਪ ਦੇ ਕਾਰਣ ਇਹ ਫਰਕ ਨਜ਼ਰ ਨਹੀ ਆਉਦਾ ਸਗੋਂ ਤਿਕੋਨ , ਸਰਕਲ ਅਤੇ ਸਕੈਅਰ ਦਿਖਾਈ ਦਿੰਦਾ ਹੈ। ਇਸੇ ਤਰ੍ਹਾਂ good figure ਦੇ ਤੋਰ ਤੇ ਇਕ ਬੱਤਖ ਦਿਖਾਈ ਦੇ ਰਹੀ ਹੈ ਅਤੇ ਦੋ Pillar ਵੀ ਦਿਖਾਈ ਦੇ ਰਹੇ ਹਨ ।(ਫੋਟੋ ਨੰ 14 ਅਤੇ 15 ਵਿਚ)

ਫੋਟੋ ਨੰ:-14

ਫੋਟੋ ਨੰ:-15

9.3.3. ਬਾਹਰਮੁਖੀ ਕਾਰਕ (External Factors):- ਬਾਹਰਮੁਖੀ ਕਾਰਕ ਦਾ ਦੂਸਰਾ ਨਾ ਵਸਤੂਨਿਸ਼ਠ ਕਾਰਕ **(Objective Factors)** ਹੈ ਇਹਨਾਂ ਕਾਰਕਾ ਵਿਚ ਉਦੀਪਕ ਨਾਲ ਅਤੇ ਵਾਤਾਵਰਨ ਵਿਚ ਵਾਪਰਣ ਵਾਲੇ ਤੱਤ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਇਸੇ ਕਰਕੇ ਇਹਨਾਂ ਨੂੰ ਬਾਹਰਮੁੱਖੀ ਕਾਰਕ ਕਿਹਾ ਜਾਂਦਾ ਹੈ।ਜਿਹੜੇ ਕਿ ਹੇਠ ਲਿਖੇ ਹਨ।

9.3.3.1. ਉਤੇਜਕ ਦਾ ਸਰੂਪ (Nature of the Stimulus) :- ਵੱਖ-ਵੱਖ ਕਿਸਮ ਦੀਆਂ ਗਿਆਨ ਇੰਦਰੀਆਂ ਲਈ ਵੱਖ-ਵੱਖ ਕਿਸਮ ਦੇ ਉਤੇਜਕ ਹੁੰਦੇ ਹਨ। ਇਹ ਉਤੇਜਕ ਪ੍ਰਤੱਖੀਕਰਣ ਨੂੰ ਵੱਖ ਵੱਖ ਢੰਗਾਂ ਨਾਲ ਪ੍ਰਭਾਵਿਤ ਕਰ ਸਕਦੇ ਹਨ। ਦੇਖਣ ਅਤੇ ਸੁਣਨ ਦੇ ਉਤੇਜਕ ਬਾਕੀ ਉਤੇਜਕਾਂ ਦੇ ਮੁਕਾਬਲੇ ਪ੍ਰਤੱਖੀਕਰਣ ਨੂੰ ਜਲਦੀ ਪ੍ਰਭਾਵਿਤ ਕਰਦੀ ਹੈ। ਜਿਵੇਂ ਕਿ ਦੇਖਣ ਵਾਲਾ ਉਤੇਜਕ ਜਾਂ ਉਦੀਪਕ ਵਿਅਕਤੀ ਦੀ ਤਸਵੀਰ ਅਤੇ ਤਸਵੀਰਾ ਵਿਚ ਰੰਗੀਨ ਤਸਵੀਰਾਂ ਧਿਆਨ ਨੂੰ ਜਿਆਦਾ ਪ੍ਰਭਾਵਿਤ ਕਰਦੀਆਂ ਹਨ ਜਿਸ ਨਾਲ ਵਿਅਕਤੀ ਉਸ ਨਾਲ ਆਪਣਾ ਪ੍ਰਤੱਖੀਕਰਣ ਦੂਜੇ ਉਤੇਜਕ ਪ੍ਰਤੱਖੀਕਰਣਾਂ ਦੇ ਮੁਕਾਬਲੇ ਜਿਆਦਾ ਪ੍ਰਭਾਵਸ਼ਾਲੀ ਹੁੰਦਾ ਹੈ ।

9.3.3.2. ਤੀਬਰਤਾ (Intensity of the Stimulus) :- ਤੀਬਰਤਾ ਬਾਹਰਮੁੱਖੀ ਕਾਰਕ ਦਾ ਅਗਲਾ ਮਹੱਤਵਪੂਰਨ ਤੱਤ ਹੈ ਜਿਨਾਂ ਉਦੀਪਕ ਤੀਬਰ ਜਾਂ ਤੇਜ ਹੋਵੇਗਾ ਉਨ੍ਹਾਂ ਹੀ ਪ੍ਰਤੱਖੀਕਰਣ ਪ੍ਰਭਾਵਿਤ ਹੋਵੇਗਾ ਅਤੇ ਜਿਨਾਂ ਉਦੀਪਕ ਨੀਰਬਲ ਹੋਵੇਗਾ ਉਨਾਂ ਹੀ ਪ੍ਰਤੱਖੀਕਰਣ ਘੱਟ ਹੋਵੇਗਾ । ਜਿਵੇ ਬੀਜਲੀ ਦਾ ਪ੍ਰਕਾਸ਼ ਮੋਮਬੱਤੀ ਦੀ ਰੋਸ਼ਨੀ ਦੇ ਮੁਕਾਬਲੇ ਸਾਡਾ ਧਿਆਨ ਅਤੇ ਪ੍ਰਤੱਖੀਕਰਣ ਜਿਆਦਾ ਖਿੱਚੇਗਾ । ਇਸੇ ਤਰ੍ਹਾਂ ਕਲਾਸ ਤੋ ਬਾਹਰ ਪਟਾਖਿਆਂ ਦੀ ਆਵਾਜ ਸੁਣ ਕੇ ਕਲਾਸ ਵਿਚ ਬੈਠੇ ਵਿਦਿਆਰਥੀਆਂ ਦਾ ਧਿਆਨ ਲੈਕਚਰ ਤੋ ਹੱਟ ਜਾਂਦਾ ਹੈ।

9.3.3.3. ਆਕਾਰ (Size):- ਉਤੇਜਕ ਦਾ ਆਕਾਰ ਵੀ ਪ੍ਰਤੱਖੀਕਰਣ ਨੂੰ ਪ੍ਰਭਾਵਿਤ ਕਰਦਾ ਹੈ । ਛੋਟੇ ਉਦੀਪਕ ਦੇ ਮੁਕਾਬਲੇ ਵੱਡੇ ਉਦੀਪਕਾਂ ਵੱਲ ਸਾਡਾ ਧਿਆਨ ਜਿਆਦਾ ਖਿਚਿਆ ਜਾਂਦਾ ਹੈ ਇਹੀ ਕਾਰਨ ਹੈ ਕਿ ਚੌਕਾਂ ਵਿਚ ਧਿਆਨ ਅਤੇ ਪ੍ਰਤੱਖੀਕਰਣ ਬਣਾਉਣ ਲਈ ਵਸਤੂਆਂ ਦਾ ਵੱਡੇ ਅਕਾਰ ਵਿਚ ਤਸਵੀਰਾਂ ਬਣਾਈਆਂ ਜਾਂਦੀਆਂ ਹਨ। ਜਿਵੇ ਸਾਹਮਣੇ ਲੱਗੇ ਪੋਸਟਰ ਤੇ ਲਿਖੇ ਮੋਟੇ ਸ਼ਬਦ ਬਾਰੀਕ ਦੇ ਮੁਦਾਬਲੇ ਵਧੇਰੇ ਧਿਆਨ ਖਿੱਚਦੇ ਹਨ।

9.3.3.4. ਸਥਿਤੀ (Location):- ਵਾਤਾਵਰਨ ਵਿਚ ਵਸਤੂ ਦੀ ਦੂਰੀ ਪ੍ਰਤੱਖੀਕਰਣ ਨੂੰ ਪ੍ਰਭਾਵਿਤ ਕਰਦੀ ਹੈ, ਜਿਵੇਂ ਨੇੜੇ ਦੇ ਉਤੇਜਕ ਦੂਰ ਵਾਲੇ ਉਤੇਜਕਾਂ ਦੇ ਮੁਕਾਬਲੇ ਜਲਦੀ ਪ੍ਰਤੱਖ ਹੁੰਦੇ ਹਨ।ਜਿਹੜੀਆਂ ਚੀਜਾਂ ਸਾਡੇ ਸਾਹਮਣੇ ਹੋਣ ਉਹਨਾਂ ਪ੍ਰਤੀ ਸਾਡਾ ਧਿਆਨ ਜਿਆਦਾ ਖਿਚਿਆ ਜਾਂਦਾ ਹੈ। ਇਸੇ ਲਈ ਅਖਬਾਰਾਂ ਅਤੇ ਰਸਾਲਿਆਂ ਦੇ ਅਗਲੇ ਪੰਨੇ ਤੇ ਪ੍ਰਤੱਖੀਕਰਣ ਬਣਾਉਣ ਲਈ ਪ੍ਰਸਿਧ ਅਤੇ ਮਹੱਤਵਪੂਰਨ ਖਬਰ ਅਤੇ ਇਸ਼ਤਿਹਾਰ ਲਗਾਇਆ ਜਾਂਦਾ ਹੈ ਇਸੇ ਤਰ੍ਹਾਂ ਜਦੋਂ ਕੋਈ ਲੈਕਚਰ ਦੇ ਰਿਹਾ ਹੁੰਦਾ ਹੈ ਤਾਂ ਉਸ ਦੇ ਸਾਹਮਣੇ ਬੈਠੇ ਵਿਅਕਤੀ ਵੱਲ ਪ੍ਰਤੱਖੀਕਰਣ ਜਲਦੀ ਬਣਦਾ ਹੈ।

9.3.3.5. ਪਰਿਵਰਤਨ (Change):- ਜਦੋ ਵੀ ਉਤੇਜਿਕ ਦੀ ਨਿਰੰਤਰਤਾ ਵਿਚ ਅਚਾਨਕ ਪਰਿਵਰਤਨ ਆਉਦਾ ਹੈ, ਪ੍ਰਤੱਖੀਕਰਣ ਪ੍ਰਭਾਵਿਤ ਹੋ ਜਾਂਦਾ ਹੈ। ਜਿਵੇਂ ਹੋਲੀ-ਹੋਲੀ ਬੋਲਦਾ ਕੋਈ ਵਿਅਕਤੀ ਇਕ ਦਮ ਉੱਚੀ ਬੋਲਣ ਲੱਗ ਜਾਵੇਂ ਤਾਂ ਧਿਆਨ ਆਕਰਸ਼ਿਤ ਹੋ ਜਾਂਦਾ ਹੈ। ਇਸੇ ਤਰ੍ਹਾਂ ਕਮਰੇ ਵਿਚ ਟਿਕ ਟਿਕ ਬੰਦ ਹੋਜਾਦੀ ਹੈ ਜਾਂ ਪੱਖਾ ਚਲਦਾ ਚਲਦਾ ਬੰਦ ਹੋ ਜਾਂਦਾ ਹੈ ਤਾਂ ਵਿਅਕਤੀ ਦਾ ਪ੍ਰਤੱਖੀਕਰਣ ਇਕ ਦਮ ਉਸ ਵੱਲ ਜਾਂਦਾ ਹੈ

9.3.3.6. ਅਸਧਾਰਨ ਗੁਣ (Unusual quality) :- ਉਤੇਜਕ ਦੀ ਅਸਧਾਰਨਤਾਂ ਵੀ ਪ੍ਰਤੱਖੀਕਰਨ ਨੂੰ ਪ੍ਰਭਾਵਿਤ ਕਰਦੀ ਹੈ। ਜਿਵੇਂ ਕਿਸੇ ਵਿਅਕਤੀ ਦੇ ਹੱਥ ਦੀਆਂ ਛੇ ਉਂਗਲੀਆਂ ਛੇਤੀ ਧਿਆਨ ਵਿਚ ਆਉਂਦੀਆਂ ਹਨ।

9.3.3.7. ਦੁਰਬਲਤਾ (Rareness):- ਜਿਹੜੇ ਉਤੇਜਕ ਦੁਰਬਲ ਹੁੰਦੇ ਹਨ, ਅਤੇ ਕਦੇ ਕਦੇ ਸਾਹਮਣੇ ਆਉਂਦੇ ਹਨ,ਉਹ ਪ੍ਰਤੱਖੀਕਰਨ ਨੂੰ ਵਧੇਰੇ ਪ੍ਰਭਾਵਿਤ ਕਰਦੇ ਹਨ ਜਿਵੇਂ ਸ਼ਹਿਰ ਵਿਚ ਆਇਆ ਹਾਥੀ ਜਲਦੀ ਧਿਆਨ ਖਿੱਚਦਾ ਹੈ।

9.3.3.8. ਨਵੀਨਤਾ (Novelty):- ਪੁਰਾਣੇ ਉਦੀਪਕਾਂ ਦੇ ਮੁਕਾਬਲੇ ਵਿਚ ਨਵਾਂ ਉਦੀਪਕ ਸਾਡੇ ਧਿਆਨ ਨੂੰ ਖਿੱਚ ਲੈਂਦਾ ਹੈ ਜਿਵੇਂ ਨਵੇਂ ਕੱਪੜੇ, ਨਵੇਂ ਜੂਤੇ ਅਤੇ ਚਿਹਰੇ ਤੇ ਲਗਾਇਆ ਹੋਇਆ ਨਵਾਂ ਐਨਕ ਅਤੇ ਕਲਾਸ ਵਿਚ ਆਇਆ ਨਵਾਂ ਵਿਦਿਆਰਥੀ ਜਾਂ ਵਿਦਿਆਰਥਣ ਦੂਜਿਆ ਦਾ ਪ੍ਰਤੱਖੀਕਰਣ ਨੂੰ ਪ੍ਰਭਾਵਿਤ ਕਰਦੇ ਹਨ

9.3.3.9. ਗਤੀ (Movement):- ਜਦੋਂ ਕੋਈ ਵਸਤੂ ਜਾਂ ਉਦੀਪਕ ਰੁਕੀ ਹੋਈ ਹੋਵੇ ਤਾਂ ਉਸ ਵੱਲ ਧਿਆਨ ਘੱਟ ਜਾਦਾ ਹੈ । ਭਾਵ ਸਥਿਰ ਵਸਤੂਆਂ ਦੇ ਮੁਕਾਬਲੇ ਗਤੀਸ਼ੀਲ ਵਸਤੂਆਂ ਪ੍ਰਤੱਖੀਕਰਣ ਨੂੰ ਪ੍ਰਭਾਵਿਤ ਕਰਦੇ ਹਨ । ਜਿਵੇਂ ਸੜਕ ਤੇ ਇਕ ਪਾਸੇ ਖੜੀ ਕਾਰ ਡਰਾਈਵਰ ਦੇ ਪ੍ਰਤੱਖੀਕਰਣ ਨੂੰ ਪ੍ਰਭਾਵਿਤ ਨਹੀ ਕਰਦੀ ਜਦੋ ਉਹ ਗਤੀ ਵਿਚ ਹੁੰਦੀ ਹੈ ਤਾਂ ਪ੍ਰਤੱਖੀਕਰਣ ਨੂੰ ਪ੍ਰਭਾਵਿਤ ਕਰਦੀ ਹੈ।

ਪੁਨਰਵ੍ਰਿਤੀ ਜਾਂ ਦੁਹਰਾਈ (Repetition):- ਕਿਸੇ ਉਦੀਪਕ ਜਾਂ ਪਾਠ ਨੂੰ ਵਾਰ ਵਾਰ ਦੁਹਰਾਇਆ ਜਾਵੇ ਤਾਂ ਉਹ ਧਿਆਨ ਅਤੇ ਪ੍ਰਤੱਖੀਕਰਣ ਨੂੰ ਜਿਆਦਾ ਖਿੱਚਦਾ ਹੈ।ਜਿਵੇਂ ਕਿ ਟੀ .ਵੀ ਵਿਚ ਪ੍ਰਸਿਧ ਸੀਰੀਅਲ ਦੇ ਸ਼ੁਰੂ ਵਿਚ, ਵਿਚਕਾਰ ਵਿਚ ਅਤੇ ਆਖਰ ਵਿਚ ਵਾਰ ਵਾਰ ਇਕ ਹੀ ਉਦੀਪਕ ਦੇ ਇਸਤਿਹਾਰ ਦੇ ਲਈ ਸਨਤਕਾਰ ਕਰੋੜਾਂ ਰੁਪਏ ਖਰਚ ਕਰਦੇ ਹਨ ਕਿਉਕਿ ਇਸ ਨਾਲ ਲੋਕਾ ਦਾ ਪ੍ਰਤੱਖੀਕਰਣ ਜਿਆਦਾ ਪ੍ਰਭਾਵਿਤ ਹੁੰਦਾ ਹੈ। ਇਸੇ ਤਰ੍ਹਾਂ ਇਲੈਕਸ਼ਨ ਦੇ ਦਿਨਾਂ ਵਿਚ ਵਾਰ ਵਾਰ ਚੋਣਕਾਰਾਂ ਦੀ ਅਨਾਉਂਸਮੈਂਟ ਕਰਨ ਦਾ ਉਦੇਸ਼ ਵੀ ਇਹੀ ਹੁੰਦਾ ਹੈ।

ਵਿਰੋਧ ਜਾਂ ਟਾਕਰਾ (Contrast):- ਕੁਦਰਤ ਨੇ ਵੀ ਆਪਣੀ ਸ਼ਖਸ਼ੀਅਤ ਨੂੰ ਦਿਖਾਉਣ ਲਈ ਦੁਨੀਆ ਵਿਚ ਹਰ ਚੀਜ ਦਾ ਵਿਰੋਧ ਜਾਂ ਟਾਕਰਾ ਪੈਦਾ ਕੀਤਾ ਹੈ।ਜਿਵੇ ਕਿ ਆਦਮੀ ਦਾ ਟਾਕਰਾ ਔਰਤ ,ਦਿਨ ਦਾ ਰਾਤ ,ਲੰਬੇ ਵਿਅਕਤੀ ਦਾ ਟਾਕਰਾ ਛੋਟਾ ਵਿਅਕਤੀ ,ਗੋਰੇ ਦਾ ਟਾਕਰਾ ਕਾਲਾ ਭਾਵ ਕਿਸੇ ਤਰਫ ਵੀ ਅਗਰ ਅਸੀ ਆਪਣੀ ਨਜ਼ਰ ਦੋੜਾਈਏ ਤਾਂ ਸਾਨੂੰ contrast ਹਰ ਪਾਸੇ ਦਿਖਾਈ ਦੇਵੇਗਾ। ਜਿਵੇਂ ਸੜਕ ਤੇ ਇਕ ਬਹੁਤ ਮੋਟਾ ਅਤੇ ਇਕ ਬਹੁਤ ਪਤਲਾ ਵਿਅਕਤੀ ਇਕੱਠੇ ਜਾ ਰਹੇ ਹੋਣ ਤਾਂ ਉਹ ਲੋਕਾਂ ਦਾ ਪ੍ਰਤੱਖੀਕਰਣ ਖਿੱਚਣਗੇ।

ਅਚਣਚੇਤਨਤਾ (Suddenness):- ਅਚਾਨਕ ਸ਼ਬਦ ਹੀ ਅਜਿਹਾ ਹੈ ਜੋ ਸਭ ਦਾ ਪ੍ਰਤੱਖੀਕਰਣ ਖਿੱਚ ਲੈਂਦਾ ਹੈ ਭਾਵ ਜਦੋ ਵਿਅਕਤੀ ਹਸਦਾ ਹਸਦਾ ਅਚਾਨਕ ਰੋਣ ਲੱਗ ਪਵੇ ,ਸੜਕ ਤੇ ਤੇਜ ਦੋੜਦੀਆਂ ਕਾਰਾ ਅੱਗੇ ਅਚਾਨਕ ਕੋਈ ਜਾਨਵਰ ਆ ਜਾਵੇ ਤਾਂ ਸਭ ਦੇ ਬਰੇਕ ਲੱਗ ਜਾਂਦੇ ਹਨ। ਦੋ ਅਥਲੀਟ ਭੱਜਦੇ ਭੱਜਦੇ ਰੁਕ ਜਾਣ ਤਾਂ ਸਭ ਦਾ ਪ੍ਰਤੱਖੀਕਰਣ ਉਹਨਾਂ ਵੱਲ ਪ੍ਰਭਾਵਿਤ ਹੋਵੇਗਾ।

ਵਿਲਖਣਤਾ (Strangeness):- ਵਿਲਖਣਤਾ ਵੀ ਇਕ ਬਾਹਰਮੁੱਖੀ ਕਾਰਕ ਹੈ ਜਿਹੜਾ ਕਿ ਵਿਅਕਤੀ ਦੇ ਪ੍ਰਤੱਖੀਕਰਣ ਨੂੰ ਪ੍ਰਭਾਵਿਤ ਕਰਦਾ ਹੈ। ਜਦੋ ਕਿਸੇ ਸਮਾਜ ਵਿਚ ਸਧਾਰਨ ਪਹਿਰਾਵਾ ਪਜਾਮਾਂ ਕੁਰਤਾ ,ਪੈਂਟ ਸ਼ਰਟ ਜਾਂ ਸਲਵਾਰ ਕਮੀਜ਼ ਹੋਵੇ ਤਾਂ ਕੋਈ ਵਿਅਕਤੀ ਟੀ-ਸ਼ਰਟ ਨਾਲ ਧੋਤੀ ਪਾ ਲਵੇ ਜਾਂ ਸ਼ਰਟ ਨਾਲ ਸਲਵਾਰ ਪਾ ਲਵੇ ਤਾਂ ਉਸ ਵਿਚ ਵਿਲਖਣਤਾ ਪਾਈ ਜਾਵੇਗੀ ਅਤੇ ਲੋਕਾਂ ਦੇ ਪ੍ਰਤੱਖੀਕਰਣ ਨੂੰ ਪ੍ਰਭਾਵਿਤ ਕਰੇਗਾ।ਇਸੇ ਤਰ੍ਹਾਂ ਅਗਰ ਘਰ ਦੇ ਫਕਸ਼ਨ ਵਿਚ ਕੋਈ ਬਾਹਰਲਾ ਵਿਅਕਤੀ ਆ ਜਾਵੇ ਤਾਂ ਸਾਰਿਆ ਦੇ ਪ੍ਰਤੱਖੀਕਰਣ ਨੂੰ ਪ੍ਰਭਾਵਿਤ ਕਰਦਾ ਹੈ।

ਅਲਹਿਦਾਪਣ (Isolation):- ਵਿਅਕਤੀ ਇਕ ਸਮਾਜਿਕ ਜੀਵ ਹੈ। ਇਸ ਲਈ ਲੋਕਾਂ ਨਾਲ ਮਿਲਨਾ ਜੁਲਣਾ ਇਸ ਦੇ ਸੁਭਾਅ ਜਾਂ ਪ੍ਰਕਿਰਤੀ ਵਿਚ ਸ਼ਾਮਿਲ ਹੈ।ਪਰ ਜੇ ਕੋਈ ਵਿਅਕਤੀ ਕਿਸੇ ਫੰਕਸ਼ਨ ਵਿਚ ਕਿਸੇ ਇਕ ਕੋਣੇ ਵਿਚ ਜਾ ਕੇ ਬੈਠ ਜਾਵੇ ਤਾਂ ਉਹ ਸਭ ਦੇ ਪ੍ਰਤੱਖੀਕਰਣ ਨੂੰ ਪ੍ਰਭਾਵਿਤ ਕਰੇਗਾ।

ਅਵਧੀ (Duration):- ਕਿਸੇ ਉਦੀਪਕ ਦੀ ਜਿੰਨੀ ਅਵਧੀ ਵੱਧ ਹੋਵੇਗੀ ਉਨਾਂ ਹੀ ਪ੍ਰਤੱਖੀਕਰਣ ਪ੍ਰਭਾਵਿਤ ਹੋਵੇਗਾ।ਜਿਵੇਂ ਕਿ ਇਕ ਗੀਤ ਦੀ ਧੁਨ ਜੇ ਬਹੁਤ ਸਮੇ ਲਈ ਬਜਦੀ ਰਹੇ ਤਾਂ ਉਹ ਪ੍ਰਤੱਖੀਕਰਣ ਨੂੰ ਪ੍ਰਭਾਵਿਤ ਕਰੇਗੀ । ਇਸੇ ਤਰ੍ਹਾਂ ਜਿੰਨੀ ਦੇਰ ਤੱਕ ਇਕ ਵਿਅਕਤੀ ਦੂਸਰੇ ਵਿਅਕਤੀ ਨਾਲ ਇਕੱਠਾ ਰਹਿੰਦਾ ਹੈ ਉਸ ਦਾ ਆਪਸ ਵਿਚ ਇਕ ਦੂਜੇ ਪ੍ਰਤੀ ਪ੍ਰੇਮ ਅਤੇ ਮੋਹ ਜਿਆਦਾ ਹੋ ਜਾਂਦਾ ਹੈ ਕਿਉਕਿ ਦੋਵੇਂ ਇਕ ਦੂਜੇ ਤੋ ਚੰਗੀ ਤਰ੍ਹਾਂ ਨਾਲ ਪ੍ਰਭਾਵਿਤ ਹੁੰਦੇ ਹਨ।

ਨਿਸ਼ਚਿਤ ਆਕਾਰ (Definite Shape):- ਜਦੋ ਕਿਸੇ ਉਦੀਪਕ ਦੀ ਕੋਈ ਸ਼ਕਲ ਜਾਂ ਨਿਸਚਿਤ ਆਕਾਰ ਨਾ ਹੋਵੇ ਤਾਂ ਉਸ ਪ੍ਰਤੀ ਪ੍ਰਤੱਖੀਕਰਣ ਬਹੁਤ ਘੱਟ ਬਣਦਾ ਹੈ। ਪਰ ਜੇ ਕਿਸੇ ਉਦੀਪਕ ਦਾ ਇਕ ਨਿਸਚਿਤ ਆਕਾਰ ਹੋਵੇ ਤਾਂ ਉਸ ਦੀ ਸ਼ਕਲ ਦੂਜਿਆ ਦੇ ਪ੍ਰਤੱਖੀਕਰਣ ਨੂੰ ਪ੍ਰਭਾਵਿਤ ਕਰਦੀ ਹੈ। ਜਿਵੇਂ ਕਿ ਅਧੁਰੇ ਵਿਅਕਤੀ ਜਾਂ ਜਾਨਵਰ ਦੀ ਤਸਵੀਰ ਪ੍ਰਤੱਖੀਕਰਣ ਨੂੰ ਪ੍ਰਭਾਵਿਤ ਨਹੀ ਕਰਦੀ ਪਰ ਜੇ ਉਹ ਮੁਕੱਮਲ ਹੋਵੇ ਤਾਂ ਉਹ ਪ੍ਰਤੱਖੀਕਰਣ ਨੂੰ ਪ੍ਰਭਾਵਿਤ ਕਰਦੀ ਹੈ।

9.4. ਸਿੱਟਾ :- ਇਸ ਪਾਠ ਵਿਚ ਪ੍ਰਤੱਖੀਕਰਣ ਦੇ ਅਰਥ ਨੂੰ ਉਦਾਹਰਣਾ ਦੇ ਕੇ ਸਮਝਾਇਆ ਗਿਆ ਹੈ। ਸਧਾਰਨ ਤੌਰ ਤੇ ਕਹਿ ਸਕਦੇ ਹਾਂ ਕਿ ਸੰਵੇਦਨਾਂ ਨੂੰ ਅਰਥ ਦੇ ਦਿੱਤੇ ਜਾਣ ਤਾਂ ਉਹ ਪ੍ਰਤੱਖੀਕਰਣ ਬਣ ਜਾਂਦਾ ਹੈ ਇਸੇ ਤਰ੍ਹਾਂ ਭਾਰਤ ਦੇ ਮਨੋਵਿਗਿਆਨੀ ਮੋਹਸਿਨ ਨੇ ਆਪਣੀ ਕਿਤਾਬ ਵਿਚ ਪ੍ਰਤੱਖੀਕਰਣ ਨੂੰ ਉਦੀਪਕਾ ਦਾ ਗਿਆਨ ਜਿਹੜਾ ਕਿ ਉਸ ਦੇ ਆਲੇ-ਦੁਆਲੇ ਦਾ ਹੋਵੇ ਨੂੰ ਕਿਹਾ ਹੈ। ਇਸ ਤੋ ਇਲਾਵਾ ਪ੍ਰਤੱਖੀਕਰਣ ਨੂੰ ਪ੍ਰਭਾਵਿਤ ਕਰਨ ਵਾਲੇ ਤਿੰਨਾਂ ਕਾਰਕਾ ਨੂੰ ਵੀ ਵਿਸਥਾਰ ਨਾਲ ਦੱਸਿਆ ਗਿਆ ਹੈ।

ਪ੍ਰਸ਼ਨ ਨੰ:-1. ਪ੍ਰਤੱਖੀਕਰਣ ਤੋ ਕੀ ਭਾਵ ਹੈ ? ਇਸ ਨੂੰ ਪ੍ਰਭਾਵਿਤ ਕਰਨ ਵਾਲੇ ਬਾਹਰਮੁੱਖੀ ਕਰਕਾਂ ਨੂੰ ਵਰਨਣ ਕੀਤਾ ਜਾਵੇ?

ਪ੍ਰਸ਼ਨ ਨੰ:-2. ਪ੍ਰਤੱਖੀਕਰਣ ਦੀ ਪਰਿਭਾਸ਼ਾ ਦਿਉ ? ਇਸ ਨੂੰ ਪ੍ਰਭਾਵਿਤ ਕਰਨ ਵਾਲੇ ਅੰਦਰਮੁੱਖੀ ਕਾਰਕਾਂ ਦਾ ਵਰਨਣ ਕਰੋ?

ਪ੍ਰਸ਼ਨ ਨੰ:-3. ਸੰਗਠਣਾਤਮਕ ਨਿਯਮ ਜਾਂ ਗੈਸਟਾਲਟ ਕਾਰਕ ਦੇ ਬਾਰੇ ਜਾਣਕਾਰੀ ਦਿਉ ਅਤੇ ਇਸ ਦੇ ਕਾਰਕਾਂ ਨੂੰ ਚਿੱਤਰਾਂ ਦੇ ਦੁਆਰਾ ਵਰਨਣ ਕਰੋ?

9.5. ਹਵਾਲੇ :-

1. Introduction to Psychology by Hilgard ,Atkinson and Atkinson.
2. Experimental Psychology by Woodworth and Schlosberg.
3.Introduction to Psychology by Mohanty.
4.Experimental Psychology by Babu Ram Chuhan.

ਅਕਾਰ ਪ੍ਰਤੱਖੀਕਰਣ

ਪਾਠ ਬਣਤਰ :

10.0. ਉਦੇਸ਼
10.1. ਅਕਾਰ ਪ੍ਰਤੱਖੀਕਰਣ ਦੀ ਭੂਮਿਕਾ
10.2. ਅਕਾਰ ਪ੍ਰਤੱਖੀਕਰਣ ਦਾ ਸਰੂਪ
10.3. ਅਕਾਰ ਪ੍ਰਤੱਖੀਕਰਨ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ
10.4. ਸਿੱਟਾ
10.5. ਹਵਾਲੇ

10.0. ਉਦੇਸ਼

ਇਸ ਪਾਠ ਨੂੰ ਲਿਖਣ ਦਾ ਉਦੇਸ਼ ਆਕਾਰ ਪ੍ਰਤੱਖੀਕਰਣ ਨੂੰ ਚੰਗੀ ਤਰ੍ਹਾਂ ਸਮਝਣ ਦਾ ਹੈ ਜਿਵੇਂ ਕਿ ਪਹਿਲਾਂ ਵੀ ਲਿਖਿਆ ਗਿਆ ਹੈ ਕਿ ਪ੍ਰਤੱਖੀਕਰਣ ਦੀਆਂ ਕਈ ਕਿਸਮਾਂ ਹਨ ਜਿਵੇਂ ਕਿ ਆਕਾਰ ਪ੍ਰਤੱਖੀਕਰਣ (Form Perception), ਸਪੇਸ ਪ੍ਰਤੱਖੀਕਰਣ (Space Perception), ਗਤੀ ਪ੍ਰਤੱਖੀਕਰਣ (Movement Perception), ਕਾਲਵਾਚੀ ਪ੍ਰਤੱਖੀਕਰਣ (Temporal Perception) ,ਗੁਣਵਾਚੀ ਪ੍ਰਤੱਖੀਕਰਣ (Qualitative Perception), ਰੰਗ ਪ੍ਰਤੱਖੀਕਰਣ (Colour Perception),ਸਮਾਜਿਕ ਪ੍ਰਤੱਖੀਕਰਣ(Social Perception)ਅਤੇ ਸੁੰਦਰਤਾ-ਬੋਧ ਪ੍ਰਤੱਖੀਕਰਣ(Aesthetic Perception) ਹਨ।ਆਕਾਰ ਪ੍ਰਤੱਖੀਕਰਣ ਵਿਚ ਸ਼ਕਲ (Figure) ਪ੍ਰਸ਼ਨ ਭੂਮੀ (Ground), ਸਪੱਸ਼ਟ ਰੇਖਾ (Contour), ਲੁਪਤ ਆਕ੍ਰਿਤੀਆਂ ਜਾਂ ਉਹਲਾ ਪਾਉਣਾ (Camouflage) ਦੇ ਬਾਰੇ ਚੰਗੀ ਤਰ੍ਹਾਂ ਨਾਲ ਵਿਆਖਿਆ ਕੀਤੀ ਗਈ ਹੈ ਅਤੇ ਇਹਨਾਂ ਦਾ ਅੰਤਰ ਆਪਸ ਵਿਚ ਵੀ ਦਿਖਾਇਆ ਗਿਆ ਹੈ।ਆਕਾਰ ਨੂੰ ਬਣਾਉਣ ਵਿਚ ਕੁੱਝ ਅਜਿਹੇ ਤੱਤ ਵੀ ਸਾਹਮਣੇ ਆਉਦੇ ਹਨ ਜਿਨਾਂ ਨੂੰ ਗੈਸਟਾਲਟ ਜਾਂ ਸੰਗਠਨਾਤਮਕ ਕਾਰਕ ਕਿਹਾ ਹੈ।ਇਹਨਾਂ ਦੀ ਵਿਆਖਿਆ ਵੀ ਇਸ ਪਾਠ ਵਿਚ ਕੀਤੀ ਗਈ ਹੈ।

10.1. ਅਕਾਰ ਪ੍ਰਤੱਖੀਕਰਣ ਦੀ ਭੂਮਿਕਾ

ਪ੍ਰਤੱਖੀਕਰਣ ਦੀਆਂ ਕਈ ਕਿਸਮਾਂ ਹਨ। ਜਿਸ ਵਿਚੋਂ ਆਕਾਰ ਪ੍ਰਤੱਖੀਕਰਣ ਬਹੁਤ ਹੀ ਪ੍ਰਸਿਧ ਹੈ। ਆਕਾਰ ਦੇ ਪ੍ਰਤੱਖੀਕਰਣ ਦੀ ਪਰਿਭਾਸ਼ਾ ਅਸੀ ਇਸ ਤਰ੍ਹਾਂ ਕਰ ਸਕਦੇ ਹਾਂ ਕਿ ਇਸ ਤੋਂ ਅਰਥ ਉਹ ਪ੍ਰਤੱਖੀਕਰਣ ਦੀ ਕਿਸਮ ਹੈ ਜਿਸ ਵਿਚ ਭਿੰਨ-ਭਿੰਨ ਕਿਸਮ ਦੇ ਉਦੀਪਕਾਂ ਜਿਵੇਂ ਕਿ ਵਸਤੂਆਂ ਜਾਂ ਵਿਅਕਤੀਆਂ ਆਦਿ ਦੇ ਵਿਚਕਾਰ ਪਾਏ ਜਾਣ ਵਾਲੇ ਸਬੰਧ ਦਾ ਵਿਸ਼ਵਾਸ ਕੀਤਾ ਜਾਣਾ ।ਸੂਰਤ ਅਤੇ ਆਕਾਰ ਦੇ ਪ੍ਰਤੱਖੀਕਰਣ ਤੋਂ ਇਹ ਪਤਾ ਕੀਤਾ ਜਾਂਦਾ ਹੈ ਕਿ ਕਿਹੜੀ ਚੀਜ "Figure" ਭਾਵ ਉੱਭਰੀ ਹੋਈ ਜਾਂ ਖਾਸ ਦਿਖਦੀ ਹੋਈ ਨਜ਼ਰ ਆਉਦੀਂ ਹੈ। ਅਤੇ ਕਿਹੜੀ ਚੀਜ "Ground" ਭਾਵ ਉੱਭਰੀ ਹੋਈ ਦੇ ਪਿੱਛੇ (Background) ਨਜ਼ਰ ਆਉਂਦੀ ਹੈ। ਬਾਹਰਲੇ ਉਤੇਜਕਾਂ ਦੁਆਰਾ ਪੈਦਾ ਕੀਤੀ ਗਈ ਸੰਵੇਦਨਾ ਸਾਡੀ ਚੇਤਨਾਂ ਵਿਚ ਕੁਝ ਖਾਸ ਪ੍ਰਕਾਰ ਦੇ (Form) ਆਕਾਰ ਦੇ ਰੂਪ ਵਿਚ ਆਓਂਦੀ ਹੈ। Form perception ਲਈ ਤਿੰਨ ਪ੍ਰਕਾਰ ਦੇ ਤੱਤ ਹਨ । ਜਿਹੜੇ ਇਸ ਵਿਚ ਮਹੱਤਵ ਰੱਖਦੇ ਹਨ। ਸੂਰਤ ਅਤੇ ਆਕਾਰ ਦੇ ਪ੍ਰਤੱਖੀਕਰਣ ਦੇ ਦੁਆਰਾ ਚੀਜਾਂ ਦੀ ਸ਼ਕਲ ਸੂਰਤ ਉਹਨਾਂ ਦੀ ਲੰਬਾਈ, ਚੋੜਾਈ, ਮੋਟਾਈ ਜਾਂ ਡੂੰਘਾਈ ਦੇ ਬਾਰੇ ਗਿਆਨ ਪ੍ਰਾਪਤ ਹੁੰਦਾ ਹੈ। ਜੇਕਰ ਕਿਸੇ ਚੀਜ ਦਾ ਹਿੱਸਾ ਅੱਖਾਂ ਤੋਂ ਔਹਲੇ ਹੋਵੇ ਤਾਂ ਵੀ ਉਸ ਦਾ ਪ੍ਰਤੱਖੀਕਰਣ ਕਰ ਲਿਆ ਜਾਂਦਾ ਹੈ। ਜਿਵੇਂ ਕਿ ਅਗਰ ਕਿਤਾਬ ਉਤੇ ਕੋਈ ਹੋਰ ਚੀਜ ਜਿਵੇਂ ਰੁਮਾਲ ਆਦਿ ਪਿਆ ਹੋਵੇ ਅਤੇ ਉਸ ਦਾ ਸਿਰਫ ਇਕ ਕਿਨਾਰਾ ਨਹੀ ਨਜ਼ਰ ਆ ਰਿਹਾ ਹੋਵੇ ਤਾਂ ਵੀ ਉਸ ਦੀ ਸੂਰਤ ਅਤੇ ਆਕਾਰ ਦਾ ਪ੍ਰਤੱਖੀਕਰਣ ਕਰ ਲਿਆ ਜਾਂਦਾ ਹੈ। ਇਥੇ ਤੱਕ ਕਿ ਅੰਨੇ ਲੋਕੀਂ ਚੀਜਾਂ ਨੂੰ ਟਟੋਲ ਕੇ ਅਤੇ ਉਸ ਨੂੰ ਛੂਹ ਕੇ ਉਸ ਦੀ ਸੂਰਤ ਅਤੇ ਸ਼ਕਲ ਦਾ ਪ੍ਰਤੱਖੀਕਰਣ ਕਰ ਲੈਂਦੇ ਹਨ।

10.2. ਅਕਾਰ ਪ੍ਰਤੱਖੀਕਰਣ ਦਾ ਸਰੂਪ

ਵਿਅਕਤੀ ਅਤੇ ਕਈ ਦੂਸਰੀਆਂ ਚੀਜਾਂ ਗਤੀ ਕਰਦੀਆਂ ਹਨ ਜਾਂ ਵਿਅਕਤੀ ਖੁੱਦ ਗਤੀ ਕਰਦਾ ਹੈ। ਇਸ ਤਰ੍ਹਾਂ ਕਿਸੇ ਉਤੇਜਕ ਵਸਤੂ ਦੇ ਦੇਖਣ ਦੇ ਕੋਣ ਬਦਲ ਜਾਂਦੇ ਹਨ।ਅਤੇ ਇਹਨਾਂ ਕੋਣਾਂ ਵਿਚ ਪਰਿਵਰਤਨ ਦੇ ਕਾਰਨ ਨਾਲ ਉਤੇਜਕ ਵਸਤੂ ਦੀ

ਜੋ ਪ੍ਰਤੀਬਿੰਬ ਅੱਖ ਵਿਚ ਬਣਦੀ ਹੈ ਉਹ ਵੀ ਬਦਲ ਜਾਂਦੀ ਹੈ। ਜਿਵੇਂ ਕਿ ਕਿਸੇ ਚਪਟੀ ਗੋਲ ਵਸਤੂ ਜਿਵੇਂ ਪਲੇਟ ਨੂੰ ਭਿੰਨ-ਭਿੰਨ ਕੋਣਾਂ ਤੋ ਦੇਖਿਆ ਜਾਵੇ ਤਾਂ ਉਹ ਕਦੇ ਗੋਲ ਅਨੁਭਵ ਹੁੰਦੀ ਹੈ ਅਤੇ ਕਦੇ ਅੰਡਾਂ ਆਕਾਰ ਦੀ ਦਿਖਾਈ ਦਿੰਦੀ ਹੈ। ਕਦੇ ਇਸ ਦੀ ਮੋਟਾਈ ਜਿਆਦਾ ਅਤੇ ਕਦੇ ਇਸ ਦੀ ਡੂੰਘਾਈ ਜਿਆਦਾ ਅਨੁਭਵ ਹੁੰਦੀ ਹੈ।ਇਸ ਤਰ੍ਹਾਂ ਇਸ ਦੀ ਸ਼ਕਲ ਓ ਸੂਰਤ ਵਿਚ ਭਾਵੇਂ ਕੋਈ ਪਰਿਵਰਤਨ ਨਹੀ ਹੁੰਦਾ ਇਸੇ ਨੂੰ Form Constancy ਕਹਿੰਦੇ ਹਨ।

10.2.1. ਸ਼ਕਲ ਜਾਂ ਆਕਾਰ ਅਤੇ ਪ੍ਰਸ਼ਨ ਭੂਮੀ (Figure & Ground):- ਸ਼ਕਲ ਓ ਸੂਰਤ ਦੇ ਪ੍ਰਤੱਖੀਕਰਣ ਦੀ ਵਿਆਖਿਆ ਗੈਸਟਾਲਟ ਸਿਧਾਂਤ ਦੀ ਸਹਾਇਤਾ ਨਾਲ ਕੀਤੀ ਜਾਂਦੀ ਹੈ। ਇਸ Concept ਦੇ ਬਾਨੀ ਕੋਫਕਾ,ਕੋਹਲਰ ਅਤੇ ਵਰਦਾਇਮਰ ਦੇ ਨਾਂ ਖਾਸ ਤੋਰ ਤੇ ਉੱਭਰ ਕੇ ਸਾਹਮਣੇ ਆਉਂਦੇ ਹਨ । ਇਹਨਾਂ Experts ਦੇ ਨੇੜੇ ਆਮ ਜਿੰਦਗੀ ਵਿਚ Perceptual Organisation ਇਕ ਸੰਗਠਨ ਦੇ ਤੌਰ ਤੇ ਸਾਹਮਣੇ ਆਉਦੀ ਹੈ। ਅਤੇ ਇਸ ਦੇ ਸਿੱਟੇ ਵਜੋਂ Figure & Ground ਦਾ ਆਪਸੀ ਸਬੰਧ ਵੀ ਸਾਹਮਣੇ ਆਉਂਦਾ ਹੈ। ਕੋਈ ਸ਼ੱਕ ਨਹੀ ਕਿ ਸ਼ਕਲ ਓ ਸੂਰਤ ਦਾ ਪ੍ਰਤੱਖੀਕਰਣ Visual system ਦੀਆਂ ਵਿਸ਼ੇਸ਼ਤਾਈਆਂ ਦੇ ਕਾਰਨ ਹੁੰਦਾ ਹੈ। ਭਾਵੇਂ ਜਦੋ ਕਿਸੇ ਵਸਤੂ ਨੂੰ ਉਸ ਦੇ Background ਦੇ ਹਵਾਲੇ ਨਾਲ ਦੇਖਿਆ ਜਾਂਦਾ ਹੈ ਤਾਂ ਉਹ ਉੱਭਰੀ ਹੋਈ ਅਤੇ ਖਾਸ ਨਜ਼ਰ ਆਉਂਦੀ ਹੈ। ਅਤੇ Ground ਸਾਫ ਤੋਰ ਤੇ ਨਜ਼ਰ ਨਹੀ ਆਉਂਦਾ ਅਤੇ ਦੂਰ ਹੋਇਆ ਦਿਖਾਈ ਦਿੰਦਾ ਹੈ ਅਤੇ ਨਾ ਹੀ ਇਸ ਦੀ ਕੋਈ ਖਾਸ ਸ਼ਕਲ ਵਿਖਾਈ ਦਿੰਦੀ ਹੈ। ਇਸ ਨੂੰ Figure ground relationship ਕਿਹਾ ਜਾਂਦਾ ਹੈ Ground ਦੇ ਮੁਕਾਬਲੇ ਸ਼ਕਲ ਦੀ ਭਿੰਨਤਾ ਦਾ ਨਾਂ ਹੈ। ਇਸ ਸਬੰਧ ਵਿਚ Hebb ਨੇ ਆਪਣੀ ਕਿਤਾਬ "The Organisation of Behaviour" ਵਿਚ ਕਿਹਾ ਹੈ ਕਿ ਸ਼ਕਲ ਇਕ Primitive Unity ਦੇ ਤੌਰ ਤੇ ਹੁੰਦੀ ਹੈ ਜਿਸ ਦਾ ਇਕ Bounded Area ਹੁੰਦਾ ਹੈ। ਅਤੇ Figure ਇਕ Unit ਦੇ ਤੌਰ ਤੇ ਦਿਖਦੀ ਹੈ। ਜਿਸ ਕਰਕੇ ਉਸ ਨੂੰ ਪਹਿਚਾਣਿਆ ਜਾਂਦਾ ਹੈ। Rubin ਦੁਆਰਾ (1915 ਤੇ1921) ਵਿਚ ਜੋ ਸ਼ਕਲ ਬਣਾਈ ਉਸ ਵਿਚ Hebb ਨੇ Figure ਅਤੇ Ground ਦਾ ਫਰਕ ਕੀਤਾ।

10.2.2. ਆਕਾਰ (Figure) :- ਸ਼ਕਲ ਜਾਂ ਆਕਾਰ ਤੋ ਭਾਵ ਵਾਤਾਵਰਨ ਵਿਚ ਕੋਈ ਅਜਿਹੀ ਚੀਜ਼ ਦਾ ਹੋਣਾ ਜਾਂ ਇਸ ਦਾ ਕੋਈ ਅਜਿਹਾ ਹਿਸਾ ਜੋ Background ਦੇ ਉਪਰ ਉੱਭਰਿਆਂ ਹੋਵੇ ਜਾਂ ਖਾਸ ਨਜ਼ਰ ਆਉਂਦਾ ਹੋਵੇ । ਜਿਵੇ ਕਿ ਚਿੱਤਰ ਨੰ: 1 ਵਿਚ ਦਿਖਾਇਆ ਗਿਆ ਹੈ ਕਿ ਇਕ ਫਲਾਵਰ ਪੋਟ ਉਭਰਿਆ ਦਿਖਾਈ ਦਿੰਦਾ ਹੈ ਅਤੇ ਉਸ ਦੀ ਇਕ ਖਾਸ ਸ਼ਕਲ ਦਿਖਾਈ ਦਿੰਦੀ ਹੈ ਤੇ ਇਸ ਦੇ ਪਿੱਛੇ ਕਾਲੇ ਰੰਗ ਦਾ ਬੈਕਗਰਾਉਂਡ ਦਿਖਾਈ ਦਿੰਦਾ ਹੈ।

10.2.3. ਪ੍ਰਸ਼ਨ ਭੂਮੀ (Ground):- ਪ੍ਰਸ਼ਨ ਭੂਮੀ (Ground) ਤੋ ਭਾਵ ਵਾਤਾਵਰਨ ਵਿਚ ਅਜਿਹੀ ਚੀਜ਼ ਦਾ ਮੌਜੂਦ ਹੋਣਾ ਜਾਂ ਇਸ ਦਾ ਕੋਈ ਖਾਸ ਹਿੱਸਾ ਉੱਭਰੀਆ ਹੋਈਆਂ ਚੀਜਾਂ ਜਾਂ ਕਿਸੇ ਖਾਸ ਦਿਖਦੀ ਹੋਈ ਚੀਜ ਦੇ ਪਿੱਛੇ Background ਦਾ ਕੰਮ ਦਿੰਦੀ ਹੋਵੇ।

10.2.4. ਆਕਾਰ ਅਤੇ ਪ੍ਰਸ਼ਨ ਭੂਮੀ ਦੀ ਸਥਿਤੀ :- ਜੇ ਅਸੀ ਆਕਾਰ ਅਤੇ ਪ੍ਰਸ਼ਨ ਭੂਮੀ ਦੀ ਸਥਿਤੀ ਦਾ ਵਿਸ਼ਲੇਸ਼ਨ ਕਰੀਏ ਤਾਂ ਪਤਾ ਚਲਦਾ ਹੈ ਕਿ ਆਕਾਰ ਪ੍ਰਤੱਖੀਕਰਣ (ਦੇਖਣ ਵਾਲੇ ਦੀ ਤਰਫ ਵੱਧੀ ਹੋਈ ਅਨੁਭਵ ਹੁੰਦੀ ਹੈ ਜਦੋ ਕਿ Ground ਉਸ ਦੇ ਪਿੱਛੇ ਫੈਲਿਆ ਹੁੰਦਾ ਹੈ ਅਤੇ ਦੂਰ ਹਟਿਆ ਹੋਇਆ ਅਨੁਭਵ ਹੁੰਦਾ ਹੈ। ਇਸ ਤਰ੍ਹਾਂ ਆਕਾਰ ਅਤੇ ਪ੍ਰਸ਼ਨ ਭੂਮੀ ਆਪਣੀ ਹੈਸੀਅਤ ਨੂੰ ਬਦਲ ਦੀ ਰਹਿੰਦੀ ਹੈ। ਕਦੇ ਸ਼ਕਲ Ground ਬਣ ਜਾਂਦੀ ਹੈ ਅਤੇ ਕਦੇ Ground ਸ਼ਕਲ ਬਣ ਜਾਂਦੀ ਹੈ। ਅਤੇ ਇਹ ਪ੍ਰਕ੍ਰਿਆ ਲਗਾਤਾਰ ਜਾਰੀ ਰਹਿੰਦੀ ਹੈ।

Rubin ਨੇ Figure ਅਤੇ Ground ਦੇ ਫਰਕ ਨੂੰ ਦੱਸਣ ਲਈ ਕੁੱਝ ਹੇਠ ਲਿਖੇ Point ਦਿੱਤੇ ਹਨ:-

(1) ਆਕਾਰ ਦੀ ਇਕ ਸ਼ਕਲ ਹੁੰਦੀ ਹੈ ਜਦੋ ਕਿ Ground ਦੀ ਸ਼ਕਲ ਨਹੀ ਜਾਂ ਜੇ Ground ਦੀ ਸ਼ਕਲ ਹੁੰਦੀ ਹੈ ਤਾਂ ਇਹ ਆਕਾਰ ਤੋਂ ਜਾਂ Figure ਤੋਂ ਅਲੱਗ ਕਰਨ ਵਾਲੀ Contour ਨੂੰ ਪਹਿਚਾਣਿਆ ਨਹੀ ਜਾਂਦਾ ।

(2) Figure ਕਲੀਅਰ ਹਦਬੰਦੀ ਵਿਚ ਹੁੰਦੀ ਹੈ ਜਿਸ ਕਰਕੇ ਇਸ ਦੀ ਕੋਈ ਨਾ ਕੋਈ ਸ਼ਕਲ ਦਿਖਦੀ ਹੈ।

(3) ਸ਼ਕਲ ਦੇਖਣ ਵਾਲੇ ਦੀ ਤਰਫ ਵੱਧੀ ਹੁੰਦੀ ਹੈ ਜਦੋਂ ਕਿ Ground ਪਿੱਛੇ ਨੂੰ ਫੈਲੀ ਹੁੰਦੀ ਹੈ।

(4) Figure ਚੀਜ ਦੀ ਵਿਸ਼ੇਸ਼ਤਾ ਦੇ ਨਾਲ ਦਿਖਦੀ ਹੈ ਜਦੋਂ ਕਿ Ground Uniformed material ਦੀ ਤਰ੍ਹਾਂ ਦਿਖਦੀ ਹੈ।

(5) Figure ਬਹੁਤ ਜਿਆਦਾ Impressive ਹੁੰਦੀ ਹੈ ਚੰਗੀ ਤਰ੍ਹਾਂ ਯਾਦ ਰਹਿੰਦੀ ਹੈ ਅਤੇ ਕੋਈ ਨਾ ਕੋਈ ਅਰਥ ਨੂੰ Suggest ਕਰਦੀ ਹੈ।

(6) Ground Figure ਦੇ ਪਿੱਛੇ ਲਗਾਤਾਰ ਫੈਲੀ ਹੁੰਦੀ ਹੈ। ਅਤੇ Figure ਦੇ ਦੁਆਰਾ Disturb ਨਹੀ ਹੁੰਦੀ।

ਉਪਰ ਦਿੱਤੀਆਂ ਹੋਈਆਂ Rubin ਦੁਆਰਾ ਵੱਖ-ਵੱਖ ਆਕਾਰ ਅਤੇ ਪ੍ਰਸ਼ਨ ਭੂਮੀ ਦੇ ਫਰਕ ਨੂੰ ਪੜਨ ਤੋ ਬਾਅਦ ਇਹ ਕਹਿ ਸਕਦੇ ਹਾਂ ਕਿ ਅਗਰ ਅਸੀ Figure ਤੇ Ground ਨੂੰ ਵੱਖ-ਵੱਖ ਤੋਰ ਤੇ ਦੇਖੀਏ ਤਾਂ ਦੋ Difference ਸਾਹਮਣੇ ਆਉਦੇ ਹਨ। Field of Attention ਅਤੇ Field of inattention ਭਾਵ ਜਦੋ ਸਾਹਮਣੇ ਬਣੀ ਹੋਈ ਚੀਜ ਦੇ ਉਪਰ Attention ਜਾਂਦਾ ਹੈ ਤਾਂ ਉਹ

Figure ਬਣ ਜਾਂਦੀ ਹੈ ਅਤੇ ਦੂਸਰੀ ਤੇ Attention ਨਹੀ ਜਾਂਦਾ । ਜਿਸ ਕਰਕੇ ਉਹ Ground ਦੀ ਸ਼ਕਲ ਵਿਚ ਨਜ਼ਰ ਆਉਂਦੀ ਹੈ।

Form Perception ਵਿਚ ਸ਼ਾਇਦ ਸਭ ਤੋ ਮੁਢਲੀ ਪ੍ਰਕ੍ਰਿਆ ਪ੍ਰਸ਼ਨ ਭੂਮੀ ਵਿਚੋ ਚਿੱਤਰ ਪਹਿਚਾਨ ਹੈ। ਅਸੀ ਆਪਣੀ ਜਿੰਦਗੀ ਵਿਚ ਜਿੰਨੀਆਂ ਵੀ ਵਸਤਾ ਦੇਖਦੇ ਹਾਂ। ਉਹ ਉਹਨਾਂ ਨੂੰ ਕਿਸੇ ਪ੍ਰਸ਼ਨ ਭੂਮੀ ਵਿਚੋ ਚਿਤਰਾਂ ਦੇ ਰੂਪ ਵਿਚ ਦੇਖਦੇ ਹਾਂ, ਇਸ ਤਰ੍ਹਾਂ ਸਾਡਾ ਵਾਤਾਵਰਨ ਛੋਟੀ ਛੋਟੀ Figure ਵਿਚ ਵੰਡਿਆ ਹੈ ਅਤੇ ਪ੍ਰਸ਼ਨ ਭੂਮੀ ਵਿਚੋ ਇਹਨਾਂ ਚਿਤਰਾਂ ਦਾ ਪ੍ਰਤੱਖੀਕਰਨ form perception ਦੀ ਮੁੱਢਲੀ ਪ੍ਰਕ੍ਰਿਆ ਹੈ। ਜਿਵੇ ਚਿਤਰ ਨੰ: 1 ਵਿਚ ਜਿਹੜੀ Figure ਨਜ਼ਰ ਆ ਰਹੀ ਹੈ। ਉਹ ਕਦੇ ਪਹਿਲਾਂ ਨਹੀ ਦੇਖੀ ਅਤੇ ਨਾ ਹੀ ਉਸਦੀ ਕੋਈ ਖਾਸ Shape ਪਰ ਫਿਰ ਵੀ Form ਦੇ ਰੂਪ ਵਿਚ ਪੇਸ਼ ਆਉਂਦੀ ਹੈ। ਕਿਉਕਿ ਇਕ ਪ੍ਰਸ਼ਨ ਭੂਮੀ ਵਿਚ ਚਿੱਤਰ ਬਣਕੇ ਸਾਹਮਣੇ ਆ ਰਹੀ ਹੈ। ਪ੍ਰਸ਼ਨ ਭੂਮੀ ਦੀ ਕੋਈ ਵਿਸ਼ੇਸ਼ Shape ਨਹੀ ਹੁੰਦੀ ਹੈ।ਪਰ ਇਹ ਹਮੇਸ਼ਾ ਚਿੱਤਰ ਦੇ ਪਿੱਛੇ ਮੋਜੂਦ ਹੁੰਦੀ ਹੈ। ਦੂਸਰੇ ਸ਼ਬਦਾ ਵਿਚ ਚਿੱਤਰ ਪ੍ਰਸ਼ਨ ਭੂਮੀ ਦੇ ਮੁਕਾਬਲੇ ਵਧੇਰੇ ਨੇੜੇ ਹੁੰਦੀ ਹੈ।

Fig No.1



ਚਿੱਤਰ ਨੰ: 2 ਜਿਹੜਾ ਕਿ Reversible Figure ਹੈ। ਇਹ Figure and back ground ਦੇ ਸੰਬੰਧ ਨੂੰ ਦਰਸਾਉਂਦਾ ਹੈ। ਇਸ ਚਿੱਤਰ ਵਿਚ ਸਾਨੂੰ ਇਕ ਸਮੇਂ ਜਾਂ ਤਾਂ ਦੋ ਚਿੱਤਰ ਨਜ਼ਰ ਆਉਦੇ ਹਨ ਜਾਂ Vase । ਜਦੋ Vase ਨਜ਼ਰ ਆਉਦਾ ਹੈ ਤਾਂ ਚਿਹਰੇ ਪ੍ਰਸ਼ਨ ਭੂਮੀ ਵਿਚ ਚਲੇ ਜਾਂਦੇ ਹਨ, ਅਤੇ ਜਦੋ ਚਿਹਰੇ ਨਜ਼ਰ ਆਉਦੇ ਹਨ ਤਾਂ Vase ਪ੍ਰਸ਼ਨ ਭੂਮੀ ਵਿਚ ਚਲਾ ਜਾਂਦਾ ਹੈ। ਇਸ ਵਿਚ ਇਕ ਸਮੇ ਚਿਹਰੇ ਤੇ Vase ਇੱਕਠੇ ਨਜ਼ਰ ਨਹੀ ਆਉਂਦੇ । ਦੂਸਰੇ ਸ਼ਬਦਾਂ ਵਿਚ ਪ੍ਰਸ਼ਨ ਭੂਮੀ ਦੇ ਬਗੈਰ ਚਿੱਤਰ ਨਹੀ ਦੇਖਿਆ ਜਾ ਸਕਦਾ । Reversible Figure ਪ੍ਰਸ਼ਨ ਭੂਮੀ ਸੰਬੰਧ ਪ੍ਰਤੱਖ ਸੰਗਠਨ ਦੀ ਅਨੇਕ ਸਥਿਰ ਤਾਂ ਦੱਸਦਾ ਹੈ। ਯਾਨੀ ਇਕੋ ਹੀ ਉਤੇਜਕ ਨੂੰ ਲਗਾਤਾਰ ਕਈ ਵੱਖਰੇ-ਵੱਖਰੇ ਸੰਗਠਨਾਂ ਵਿਚ ਦੇਖਿਆ ਜਾ ਸਕਦਾ ਹੈ।

Fig No.2



ਫੀਗਰ ਨੰ:-2

Figure ਪ੍ਰਸ਼ਨ ਭੂਮੀ ਸੰਬੰਧ ਦ੍ਰਿਸ਼ਟੀ ਤੋ ਇਲਾਵਾ ਦੂਸਰੀਆਂ ਗਿਆਨ ਇੰਦਰੀਆਂ ਰਾਹੀ ਵੀ ਮਹਿਸੂਸ ਕੀਤਾ ਜਾ ਸਕਦਾ ਹੈ। ਜਿਵੇਂ ਜਦੋ ਅਸੀ ਕੋਈ ਧੁਨ ਸੁਣ ਰਹੇ ਹਾਂ ਤਾਂ ਉਹ ਆਵਾਜ Figure ਬਣ ਜਾਂਦੀ ਹੈ। ਪਰ ਜੇਕਰ ਕੋਈ ਆਵਾਜ ਮਾਰ ਦੇਵੇ, ਤਾਂ ਦੂਸਰੀ ਆਵਾਜ ਚਿੱਤਰ ਬਣ ਜਾਂਦੀ ਹੈ।

figure no. 3



10.2.5. Contours in Form perception:- ਦ੍ਰਿਸ਼ਟੀ ਪ੍ਰਤੱਖੀਕਰਨ ਵਿਚ ਕਿਸੇ ਵੀ Figure ਨੂੰ ਸਿਰਫ ਇਸ ਲਈ ਪ੍ਰਸ਼ਨ ਭੂਮੀ ਤੋ ਵੱਖਰਾ ਕਰਕੇ ਦੇਖਦੇ ਹਾਂ। ਕਿਉਕਿ ਉਸ ਵਿਚ ਸਪੱਸ਼ਟ ਰੇਖਾ (Contour) ਦਾ ਪ੍ਰਤੱਖੀਕਰਨ ਕਰ ਰਹੇ ਹੁੰਦੇ ਹਾਂ। ਸਪੱਸ਼ਟ ਰੇਖਾ (Contour) ਉਦੋ ਬਣਦੇ ਹਨ ਜਦੋ Background ਵਿਚ ਚਮਕ ਜਾਂ ਰੰਗਾਂ ਦੇ ਵਿਚ ਬੜਾ ਜਿਆਦਾ ਅੰਤਰ ਅਨੁਭਵ ਹੁੰਦਾ ਹੈ।ਜੇਕਰ ਤੁਸੀ ਕਿਸੇ ਕਾਗਜ਼ ਵਿਚ ਦੇਖੋਂ ਜਿੱਥੇ ਚਮਕ ਜਾਂ ਰੰਗ ਹੌਲੀ ਹੌਲੀ ਬਦਲ ਰਿਹਾ ਹੋਵੇ ਤਾਂ ਤੁਹਾਨੂੰ ਉਥੇ ਕੋਈ ਵੀ ਚਿੱਤਰ ਨਜ਼ਰ ਨਹੀ ਆਉਂਦਾ। ਕਿਉਂਕਿ ਸਪੱਸ਼ਟ ਰੇਖਾ (Contour) ਨਹੀ ਬਣਦੀ । ਪਰ ਜੇ ਅਜਿਹੇ paper ਤੇ ਕਿਸੇ ਰੰਗ ਤੋ ਬਾਅਦ ਇਕ ਦਮ ਗੂੜਾ ਰੰਗ ਆ ਜਾਵੇ ਤਾਂ ਸਪੱਸ਼ਟ ਰੇਖਾ (Contour) ਬਣਦੀ ਹੈ।

Fig No.4

ਸਪੱਸ਼ਟ ਰੇਖਾ (Contour) ਸਾਰੇ ਦ੍ਰਿਸ਼ਟੀ ਖੇਤਰ ਵਿਚ ਵਸਤੂਆਂ ਨੂੰ ਆਕਾਰ ਦਿੰਦੇ ਹਨ। ਜਿਸ ਨਾਲ ਵਸਤੂ ਪ੍ਰਸ਼ਨ ਭੂਮੀ (Background) ਤੋਂ ਵੱਖਰੀ ਨਜ਼ਰ ਆਉਂਦੀ ਹੈ। ਜੇ ਸਪੱਸ਼ਟ ਰੇਖਾ (Contour) ਵਿਖੇਰ ਦਿੱਤਾ ਜਾਵੇ ਤਾਂ ਵਸਤੂਆਂ ਨੂੰ Background ਤੋ ਵੱਖਰਾ ਕਰਨਾ ਮੁਸ਼ਕਿਲ ਹੋ ਜਾਵੇਗਾ। ਜਿਵੇ ਯੁੱਧ ਦੇ ਸਮੇ ਫੌਜੀ ਹਰੇ ਰੰਗ ਦੇ ਕੱਪੜੇ ਪਾ ਲੈਂਦੇ ਹਨ ਅਤੇ ਆਪਣੀ Helmet ਤੇ ਪੱਤੇ ਅਤੇ ਢਾਹਨੀਆਂ ਲਗਾ ਲੈਂਦੇ ਹਨ। ਤਾਂ ਜੋ ਝਾੜੀਆਂ ਵਿਚ ਬੈਠੇ ਕਿਸੇ ਦੁਸ਼ਮਣ ਨੂੰ ਨਜ਼ਰ ਨਾ ਆਉਣ । ਸਪੱਸ਼ਟ ਰੇਖਾ (Contour) ਚਿੱਤਰਾਂ ਨੂੰ ਆਕਾਰ ਦਿੰਦੇ ਹਨ,ਅਤੇ ਦੂਸਰੇ ਪਾਸੇ ਦੇਖਣ ਤੇ ਉਹੀ ਸਪੱਸ਼ਟ ਰੇਖਾ (Contour) ਕਿਸੇ ਜਵਾਨ ਲੜਕੀ ਦਾ ਆਕਾਰ ਬਣਦਾ ਹੈ। ਇਸ ਤਰ੍ਹਾਂ ਸਪੱਸ਼ਟ ਰੇਖਾ (Contour) ਆਕਾਰ ਦੇਣ ਲਈ ਜਰੂਰੀ ਹਨ,ਪਰ ਖੁਦ ਇਕ ਆਕਾਰ ਹੀਣ ਹੁੰਦੇ ਹਨ।

10.2.6. ਲੁਪਤ ਆਕ੍ਰਿਤੀਆਂ ਜਾਂ ਉਹਲਾ ਪਾਉਣਾ (Camouflage) :- ਜਦ ਕਿਸੇ ਵੀ ਕਾਰਣ ਕਰਕੇ ਕਿਸੇ ਇਕ ਅਜਿਹੀ ਵਸਤੂ ਨੂੰ ਛੁਪਾਇਆ ਜਾ ਰਿਹਾ ਹੋਵੇ ਜਿਹਨੂੰ ਲੋਕਾਂ ਦੀਆਂ ਅੱਖਾਂ ਸਾਹਮਣੇ ਖੁੱਲਾ ਰਹਿਣਾ ਚਾਹੀਦਾ ਸੀ, ਤਾਂ ਉਸ ਸਮੇ ਸਾਨੂੰ ਉਹਨਾਂ ਤੱਤਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਜਿਹੜੇ ਕਿਸੇ ਆਕ੍ਰਿਤੀ ਨੂੰ ਸਰਲਤਾ ਨਾਲ ਦ੍ਰਿਸ਼ਟੀਗਤ ਕਰ ਦਿੰਦੇ ਹਨ। ਇਕ ਛੋਟੀ ਆਕ੍ਰਿਤੀ ਨੂੰ ਪੂਰਣ ਸਫਲਤਾ ਸਹਿਤ ਇਕ ਵੱਡੀ ਆਕ੍ਰਿਤੀ ,ਜਿਸ ਦੀਆਂ ਵਿਸ਼ੇਸ਼ਤਾਵਾ ਛੋਟੀ ਆਕ੍ਰਿਤੀ ਦੀਆਂ ਵਿਸ਼ੇਸ਼ਤਾਵਾਂ ਨਾਲ

ਮੇਲ ਨਾ ਖਾਂਦੀਆਂ ਹੋਣ, ਦੇ ਵਿਚਾਲੇ ਰਖ ਕੇ ਛੁਪਾਇਆ ਜਾ ਸਕਦਾ ਹੈ। ਛੋਟੀ ਆਕ੍ਰਿਤੀ ਵਿਚ ਜੇਕਰ ਕੁਝ ਚੀਜਾਂ ਹੋਰ ਜੋੜ ਦਿੱਤੀਆਂ ਜਾਣ ਤਾਂ ਉਸ ਦੀ ਢਾਲ (Slant) ਨੂੰ ਖਤਮ ਕੀਤਾ ਜਾ ਸਕਦਾ ਹੈ ਅਤੇ ਉਸ ਦੀਆਂ ਭੁਜਾਵਾਂ ਨੂੰ ਨੁੱਕਰਾਂ ਤੋਂ ਕੇਵਲ ਥੋੜਾ ਵਧਾ ਦਿੱਤਾ ਜਾਵੇ ਤਾਂ ਉਸ ਦੀ ਸਡੋਲ , ਸਵੱਛ ਰੂਪ-ਰੇਖਾ ਨਸ਼ਟ ਕੀਤੀ ਜਾ ਸਕਦੀ ਹੈ।



Fig No.5

ਚਿੱਤਰ- **5** ਛੇ-ਭੁਜਾਵਾਂ ਵਾਲੀ ਆਕ੍ਰਿਤੀ ਨੂੰ ਘੱਟ ਵੱਧ ਰੂਪ ਵਿਚ ਦੂਜੀਆਂ ਰੇਖਾਵਾਂ ਛੁਪਾਇਆ ਹੋਇਆ ਹੈ।

ਕਿਸੇ ਵਸਤੂ ਦੀ ਰੂਪ-ਰੇਖਾ ਇਕ ਦੂਜੀ ਤਰ੍ਹਾਂ ਵੀ ਮਿਟਾਈ ਜਾ ਸਕਦੀ ਹੈ ਅਰਥਾਤ ਵਸਤੂ ਅਤੇ ਉਸ ਦੇ ਆਲੇ-ਦੁਆਲੇ ਦੀਆਂ ਚੀਜਾਂ ਵਿਚਾਲੇ ਟਾਕਰਾ ਨਾ ਕਰ ਕੇ । ਸੈਨਿਕ ਦੀ ਲੋਹੇ ਦੀ ਟੋਪੀ ਨੂੰ ਉਸ ਖੇਤਰ ਦੀ ਭੂਮੀ ਦੇ ਰੰਗ ਨਾਲ ਮਿਲਦੇ ਜੁਲਦੇ ਰੰਗ ਵਿਚ ਰੰਗਿਆ ਜਾਂਦਾ ਹੈ। ਇਕ ਵੱਡੀ ਵਸਤੂ,ਜਿਵੇਂ ਜਹਾਜ ਨੂੰ ਇਸ ਤਰ੍ਹਾਂ ਰੰਗਿਆ ਜਾ ਸਕਦਾ ਹੈ ਕਿ ਉਸ ਦੀ ਰੂਪ-ਰੇਖਾ ਆਕਰਸ਼ਿਤ ਹੋ ਉਠੇ ਅਤੇ ਆਪ ਵਸਤੂ ਨਾਲੋਂ ਬਿਲਕੁਲ ਭਿੰਨ ਪ੍ਰਤੀਤ ਹੋਵੇ । ਅੱਜ ਕਲ ਸੈਨਾ ਵਿਚ ਇਹ ਨਿਯਮ ਪ੍ਰਚੱਲਿਤ ਹੈ ਕਿ ਅਗਾਂਹ ਵਧਦੇ ਸਮੇਂ ਸੈਨਿਕ ਕਤਾਰ ਬੰਨ ਕੇ ਨਾ ਚਲਣ ਸਗੋਂ ਖਿੰਡ ਪੁੰਡ ਕੇ ਚਲਣ। ਇਸ ਨਿਯਮ ਦੇ ਲਈ ਨਿਕਟਤਾ ਦਾ ਤੱਤ ਉੱਤਰਦਾਈ ਹੈ। ਇਹ ਹੋਰ ਵੀ ਚੰਗਾ ਮੰਨਿਆ ਜਾਂਦਾ ਹੈ ਕਿ ਉਹ ਚਟਾਨਾਂ ਅਤੇ ਝਾੜੀਆਂ ਨਾਲ ਨਿਕਟਤਾ ਦਾ ਲਾਭ ਵੀ ਉਹ ਉਠਾ ਸਕਣ। ਤੁਸੀ ਦੇਖਿਆ ਹੋਵੇਗਾ ਕਿ ਜੰਗਲ ਵਿਚ ਰਹਿਣ ਵਾਲੇ ਪਸ਼ੂਆਂ ਅਤੇ ਘਾਹ ਵਿਚ ਰਹਿਣ ਵਾਲੇ ਕੀੜਿਆ ਮਕੋੜਿਆ ਦਾ ਰੰਗ ਪ੍ਰਕ੍ਰਿਤੀ ਵਲੋਂ ਉਸ ਬਨਸਪਤੀ ਅਨੁਸਾਰ ਹੀ ਮਿਲਿਆ ਹੁੰਦਾ ਹੈ ਤਾਂ ਜੋ ਉਹ ਚੰਗੀ ਤਰ੍ਹਾਂ ਆਪਣੇ ਆਪ ਨੂੰ ਬਚਾ ਸਕਣ।

10.3. ਗੈਸਟਾਲਟ ਜਾਂ ਸੰਗਠਨਾਤਮਕ ਕਾਰਕ:-

Werthiemer ,Kohlar, or Koffka ਜਿਹੜਾ ਕਿGestalt School ਦੇ ਵਿਚਾਰਕ ਹਨ। ਇਹਨਾਂ ਨੇ ਕੁਝ ਨਿਯਮ ਦਿੱਤੇ ਹਨ ਜਿਹੜੇ ਕਿ ਪ੍ਰਤੱਖੀਕਰਨ ਨੂੰ ਪ੍ਰਭਾਵਿਤ ਕਰਦੇ ਹਨ। ਇਹ ਨਿਯਮ ਜਾਂ ਕਾਰਕ ਹੇਠਾਂ ਅਨੁਸਾਰ ਹਨ।

10.3.1.ਸਮੀਪਤਾ (Proximity):- ਇਸ ਨਿਯਮ ਅਨੁਸਾਰ ਜਿਹੜੇ ਉਤੇਜਕ ਸਮਾਂ ਅਤੇ ਸਥਾਨ ਦੇ ਨੇੜੇ ਹੋਣਗੇ । ਉਹ ਪ੍ਰਤੱਖੀਕਰਨ ਵਿਚ ਇਕ ਇਕਾਈ ਵਿਚ ਸੰਗਠਿਤ ਹੋ ਜਾਂਦੇ ਹਨ। ਜਿਵੇਂ ਕਿ ਦਿਖਾਏ ਗਏ ਫੋਟੋ ਨੰ:-**6** ਵਿਚ squares ਤਿੰਨ ਲਾਇਨਾਂ ਵਿਚ ਸੰਗਠਿਤ ਨਜ਼ਰ ਆਉਦੇ ਹਨ। ਫੋਟੋ ਨੰ **7** ਵਿਚ ਖੱਬੇ ਪਾਸੇ **6** ਸਰਕਲ ਸੰਗਠਿਤ ਖੜੇ ਹੋਏ ਦਿਖਾਈ ਦੇ ਰਹੇ ਹਨ ਜਦੋ ਕਿ ਸੱਜੇ ਪਾਸੇ **6** ਸਰਕਲ ਸੰਗਠਿਤ ਲੇਟੇ ਹੋਏ ਦਿਖਾਈ ਦੇ ਰਹੇ ਹਨ।

ਫੋਟੋ ਨੰ:-**6**

ਫੋਟੋ ਨੰ:-**7**

10.3.2. ਸਮਾਨਤਾ ਦਾ ਨਿਯਮ (Similarity):-ਇਸ ਨਿਯਮ ਦੇ ਅਨੁਸਾਰ ਜਿਹੜੀਆਂ ਵਸਤੂਆਂ ਜਾਂ ਉਤੇਜਿਕ ਕਿਸੇ ਸਮਾਂ ਜਾਂ ਸਥਾਨ ਤੇ ਸਮਾਨ ਦੂਰੀ ਤੇ ਹੁੰਦੀਆਂ ਹਨ, ਉਹ ਸਮਾਨਤਾ ਦੇ ਅਧਾਰ ਤੇ ਪ੍ਰਤੱਖੀਕਰਨ ਵਿਚ ਇਕ ਯੂਨਿਟ ਵਿਚ ਸੰਗਠਿਤ ਹੋ ਜਾਣਗੀਆਂ ਜਿਵੇਂ ਦਿਖਾਏ ਗਏ ਚਿੱਤਰ ਵਿਚ ਕੋਈ ਵੀ ਵਿਅਕਤੀ ਦੋ Crossc ਦੀਆਂ ਦੋ dotes ਦੀਆਂ ਲਾਇਨਾਂ ਦਾ ਪ੍ਰਤੱਖੀਕਰਨ ਕਰਣਗੇ। ਫੋਟੋ ਨੰ 10 ਵਿਚ ਭਾਵੇ 2 ਲਾਈਨਾ ਕਰੋਸ ਦੀਆਂ ਹਨ ਅਤੇ ਦੋ ਲਾਈਨਾ ਗੋਲ ਜੀਰੋ ਦੀਆਂ ਹਨ ਪਰ ਇਹ ਇਕ ਇਕਾਈ ਵਿਚ ਸਕੈਅਰ ਦੀ ਸ਼ਕਲ ਵਿਚ ਦਿਖਾਈ ਦਿੰਦੇ ਹਨ। ਇਸ ਤਰ੍ਹਾਂ ਫੋਟੋ ਨੰ 9 ਵਿਚ ਸਕੈਅਰ ਅਤੇ ਸਰਕਲ ਦੀਆਂ ਦੋ ਦੋ ਲਾਈਨਾ ਹਨ । ਪਰ ਇਕ ਇਕਾਈ ਵਿਚ ਇਕ ਸਕੈਅਰ ਦੀ ਸ਼ਕਲ ਵਿਚ ਦਿਖਾਈ ਦਿੰਦੀਆਂ ਹਨ।



ਫੋਟੋ ਨੰ:-10



ਫੋਟੋ ਨੰ:-9

10.3.3. ਨਿਰੰਤਰਤਾ (Continuity):- ਇਸ ਨਿਯਮ ਅਨੁਸਾਰ ਜਿਹੜੇ ਉਤੇਜਕ ਨਿਰੰਤਰ ਹੁੰਦੇ ਰਹਿੰਦੇ ਹਨ,ਉਹ ਇਕ ਇਕਾਈ ਵਿਚ ਸੰਗਠਿਤ ਹੋ ਜਾਂਦੇ ਹਨ। ਜਿਵੇਂ ਚਿੱਤਰ ਵਿਚ ਦਿਖਾਏ ਗਏ ਖਾਲੀ ਸਥਾਨ ਵਿਚ ਕੋਈ ਵੀ ਵਿਅਕਤੀ ਪੰਜ ਦਾ ਅੰਕ ਭਰੇਗਾ। ਫੋਟੋ ਨੰ 10 ਵਿਚ ਸਰਕਲ ਉਪਰ ਨੂੰ ਅਤੇ ਹੇਠਾ ਨੂੰ ਬਣੇ ਹੋਏ ਹਨ। ਇਸ ਤਰ੍ਹਾਂ ਇਹ ਇਕ ਨਿਰੰਤਰ ਵਿਚ ਹਨ ਭਾਵ ਇਕ ਕਰਵ(curve) ਉਪਰ ਨੂੰ ਬਣਦੀ ਹੈ ਤੇ ਦੂਸਰੀ ਹੇਠਾ ਨੂੰ ਬਣਦੀ ਹੈ। ਇਸੇ ਤਰ੍ਹਾਂ ਫੋਟੋ ਨੰ 11 ਵਿਚ AC,DB, ਲਿਖਿਆ ਹੋਇਆ ਹੈ ਪਰ ਨਿਰੰਤਰ ਦੇ ਕਾਰਨ ਇਹ ਇਕ X ਦੀ ਸ਼ਕਲ ਦਿਖਾਈ ਦਿੰਦੇ ਹਨ ਜਿਵੇਂ a b,c d. ।



ਫੋਟੋ ਨੰ:-10

ਫੋਟੋ ਨੰ:-11

10.3.4. ਸਯੁੰਕਤਾ (Inclusiveness):- ਇਸ ਨਿਯਮ ਦੇ ਅਨੁਸਾਰ ਕਿਸੇ ਉਤੇਜਕ ਜਾਂ ਵਸਤੂ ਦੇ ਪ੍ਰਤੱਖੀਕਰਨ ਵਿਚ ਉਸਦੇ ਵੱਖ-ਵੱਖ ਭਾਗ ਸੰਗਠਿਤ ਹੋ ਕੇ ਇਕ ਇਕਾਈ ਵਿਚ ਸੰਗਠਿਤ ਹੋ ਜਾਂਦੇ ਹਨ। ਜਿਵੇਂ ਦਿਖਾਏ ਗਏ ਚਿੱਤਰ ਵਿਚ ਦੋ Triangles ਇਕ ਦੂਜੇ ਦੇ ਉਲਟੀਆ ਪਾਈਆਂ ਹਨ, ਇਸਨੂੰ ਕੋਈ ਵੀ ਵਿਅਕਤੀ Star ਦੇ ਰੂਪ ਵਿਚ ਦੇਖੇਗਾ।



ਫੋਟੋ ਨੰ:-12

10.3.5. ਪੂਰਤੀ ਜਾਂ ਸਮਾਪਣ (Closure):-ਜਿਹੜੀਆਂ ਵਸਤਾਂ ਜਾਂ ਉਤੇਜਕ ਅਧੂਰੇ ਹੁੰਦੇ ਹਨ, ਵਿਅਕਤੀ ਪ੍ਰਤੱਖੀਕਰਨ ਸਮੇਂ ਅਧੂਰੇ ਭਾਗਾਂ ਨੂੰ ਪੂਰਾ ਕਰਕੇ ਸੰਪੂਰਨ ਰੂਪ ਵਿਚ ਦੇਖਦਾ ਜਿਵੇਂ ਦਿਖਾਏ ਚਿੱਤਰ ਨੂੰ ਕੋਈ ਵਿਅਕਤੀ Triangles Squares and Circle ਦੇਖੇਗਾ। ਜਦੋ ਕੇ ਇਹਨਾਂ ਦੀਆਂ ਭੁਜਾਵਾਂ ਆਪਸ ਵਿਚ ਮਿਲਦੀਆ ਹੀ ਨਹੀ ਇਹ ਅਧੂਰੀਆਂ ਹਨ। ਫੋਟੋ ਨੰ 13 ਵਿਚ ਸਮਾਪਣ ਸਾਫ ਦਿੱਖਦਾ ਹੈ ਇਕ ਗੂੜੀ ਕਾਲੇ ਰੰਗ ਦੀ ਤਿਕੋਣ ਦਿਖਾਈ ਦਿੰਦੀ ਹੈ ਅਤੇ ਇਕ ਸਫੈਦ ਰੰਗ ਦੀ ਉਲਟ ਤਿਕੋਣ ਦਿਖਾਈ ਦਿੰਦੀ ਹੈ। ਇਸੇ ਤਰ੍ਹਾਂ ਫੋਟੋ ਨੰ 14 ਵਿਚ ਸਰਕਲ ਦੀ ਥਾਂ ਸਮਾਪਣ ਕਰਕੇ ਇਕ ਚੈਨ ਦੀ ਸ਼ਕਲ ਵਿਚ ਦਿਖਾਈ ਦਿੰਦੇ ਹਨ । ਫੋਟੋ ਨੰ 15 ਵਿਚ ਖੜੀਆ ਲਾਈਨਾ ਲਗੀਆਂ ਹਨ ਪਰ ਇਹ ਦੋ ਦੋ Parrell ਦਿਖਾਈ ਦਿੰਦੀਆਂ ਹਨ। ਇਸੇ ਤਰ੍ਹਾਂ ਫੋਟੋ ਨੰ 16 ਵਿਚ ਵੰਡੀ ਬਰੇਕਟ ਨੇੜੇ ਲਗਾਉਣ ਨਾਲ ਸਕੈਅਰ ਦਿਖਾਈ ਦਿੰਦੇ ਹਨ।



ਫੋਟੋ ਨੰ:-13

ਫੋਟੋ ਨੰ:-14



ਫੋਟੋ ਨੰ:-15

ਫੋਟੋ ਨੰ:-16

10.3.6. ਪ੍ਰਸ਼ਨ ਭੂਮੀ ਅਤੇ ਚਿੱਤਰ (Back Ground and Figure):- ਪ੍ਰਤੱਖੀਕਰਨ ਸਮੇਂ ਚਿੱਤਰ ਪ੍ਰਸ਼ਨ ਭੂਮੀ ਤੋ ਪਹਿਲਾਂ ਪ੍ਰਤੱਖ ਹੁੰਦਾ ਹੈ।



ਫੋਟੋ ਨੰ:-17

ਫੋਟੋ ਨੰ:-110

ਫੋਟੋ ਨੰ 17 ਵਿਚ ਇਕ ਕਾਲੇ ਰੰਗ ਅਤੇ ਸਫੈਦ ਰੰਗ ਨਾਲ ਮਿਲਾ ਕੇ ਚਿੱਤਰ ਬਣਾਈ ਹੋਈ ਹੈ। ਇਸ ਇਕ ਪ੍ਰਸ਼ਾਨ ਭੂਮੀ ਤੇ ਦੂਸਰੀ ਚਿੱਤਰ ਹੈ। ਜੇ ਅਸੀ ਸਫੈਦ ਰੰਗ ਨੂੰ ਦੇਖਦੇ ਹਾਂ ਉਹ ਗੁਲਦਸਤਾ ਚਿੱਤਰ ਦੇ ਰੂਪ ਵਿਚ ਅਤੇ ਕਾਲਾ ਰੰਗ ground ਦੇ ਤੋਰ ਤੇ ਦਿਖਾਈ ਦਿੰਦਾ ਹੈ। ਪਰ ਜੇ ਕਾਲੇ ਰੰਗ ਨੂੰ ਦੇਖਦੇ ਹਾਂ ਤਾਂ ਉਹ ਚਿੱਤਰ ਦੇ ਤੋਰ ਤੇ ਦੋ ਮੂੰਹ ਦਿਖਾਈ ਦਿੰਦੇ ਤੇ ਸਫੈਦ ਰੰਗ ground ਦੇ ਤੋਰ ਤੇ ਦਿਖਾਈ ਦਿੰਦਾ ਹੈ। ਇਸੇ ਤਰ੍ਹਾਂ ਫੋਟੋ ਨੰ110 ਵਿਚ ਇਕ ਸਰਕਲ ਵਿਚ ਦੋ ਰੰਗਾ ਦੇ ਨਾਲ ਇਕ ਪਖਾ ਬਣਾਇਆ ਹੋਇਆ ਹੈ । ਜਿਸ ਵਿਚ ਸਫੈਦ ਰੰਗ ਦੀਆਂ ਤਿਕੋਣਾ ਦਿਖਾਈ ਦਿੰਦੀਆਂ ਹਨ ਜੋ ਕਿ ਚਿੱਤਰ ਦੇ ਤੌਰ ਤੇ ਹਨ ਤੇ ਕਾਲੇ ਰੰਗ ਪ੍ਰਸ਼ਨ ਭੂਮੀ ਦਿਖਾਈ ਦਿੰਦੀ ਹੈ।

10.3.7. ਸਮਮਾਪ (Symmetry or Good Figure):-



ਫੋਟੋ ਨੰ:-19

ਫੋਟੋ ਨੰ 19 ਵਿਚ ਤਿੰਨ ਸ਼ਕਲਾ ਦਿਖਾਈ ਦਿੰਦੀਆਂ ਹਨ । ਇਕ ਤਿਕੋਨਾ, ਇਕ ਸਰਕਲ ਅਤੇ ਇਕ ਸਕੈਅਰ ਦਿਖਾਈ ਦਿੰਦਾ ਹੈ। ਜਦੋ ਕਿ ਇਹ ਪੂਰੀ ਤਰ੍ਹਾਂ ਸ਼ਕਲ ਨਹੀ ਬਣਦੀ ਪਰ ਫਿਰ ਵੀ ਸਮਮਾਪ ਦੇ ਕਾਰਣ ਇਹ ਫਰਕ ਨਜ਼ਰ ਨਹੀ ਆਉਦਾ ਸਗੋਂ ਤਿਕੋਨ , ਸਰਕਲ ਅਤੇ ਸਕੈਅਰ ਦਿਖਾਈ ਦਿੰਦਾ ਹੈ। ਇਸੇ ਤਰ੍ਹਾਂ good figure ਦੇ ਤੋਰ ਤੇ ਇਕ ਬੱਤਖ ਦਿਖਾਈ ਦੇ ਰਹੀ ਹੈ ਅਤੇ ਦੋ Pillar ਵੀ ਦਿਖਾਈ ਦੇ ਰਹੇ ਹਨ ।(ਫੋਟੋ ਨੰ 20 ਅਤੇ 21ਵਿਚ)

ਫੋਟੋ ਨੰ:-20 ਫੋਟੋ ਨੰ:-21

10.4. ਸਿੱਟਾ:-

ਆਕਾਰ ਪ੍ਰਤੱਖੀਕਰਣ ਵਿਚ ਸਭ ਤੋ ਮਹੱਤਵਪੂਰਨ ਆਕ੍ਰਿਤੀ ਤੇ ਭੂਮੀ (Figure and Ground)ਦੇ ਸਿਧਾਂਤ ਦੀ ਵਿਆਖਿਆ ਕੀਤੀ ਗਈ ਹੈ।ਅਸੀ ਉਤੇਜਕਾਂ ਜਾਂ ਵਸਤੂ ਨੂੰ ਉਹਨਾਂ ਦੇ ਆਕਾਰ ਜਾਂ ਰੂਪ-ਰੇਖਾ ਅਨੁਸਾਰ ਕਿਸੇ ਨਮੂਨੇ ਅਤੇ ਆਕਾਰ ਵਿਚ ਦੇਖਦੇ ਹਾਂ ਇਹ ਉਸੇ ਸਮੇਂ ਦਿਖਦਾ ਹੈ ਜਦੋ ਉਸ ਦੇ ਪਿੱਛੇ ਭੂਮੀ ਹੋਵੇ।ਸਪੱਸ਼ਟ ਰੇਖਾ ਆਕਾਰ ਅਤੇ ਭੂਮੀ ਨੂੰ ਅਲੱਗ ਅਲੱਗ ਕਰਨ ਵਾਲੀ ਲਾਈਨ ਨੂੰ ਕਿਹਾ ਜਾਂਦਾ ਹੈ।ਜਦੋ ਕਿ ਲੁਪਤ ਆਕ੍ਰਿਤੀਆਂ ਜਾਂ ਉਹਲਾ ਪਾਉਣਾ ਉਸ ਨੂੰ ਕਹਿੰਦੇ ਹਨ ਜਦੋ ਆਕਾਰ ਅਤੇ ਭੂਮੀ ਨੂੰ ਭਿੰਨ-ਭਿੰਨ ਕਰਨ ਵਿਚ ਮੁਸ਼ਕਿਲ ਆਉਦੀ ਹੋਵੇ।ਇਸ ਤਰ੍ਹਾਂ ਇਸ ਪਾਠ ਵਿਚ ਸੰਗਠਨ ਕਾਰਕਾਂ ਦੀ ਵੀ ਵਰਣਨ ਵੀ ਕੀਤਾ ਗਿਆ ਹੈ ਜਿੰਨਾਂ ਨੂੰ ਗੈਸਟਾਲਟ ਕਾਰਕ ਵੀ ਕਹਿੰਦੇ ਹਨ ਜਿਹੜੇ ਕਿ ਇਕ ਮੁੱਠ ਹੋਕੇ ਕੋਈ ਸ਼ਕਲ ਵਿਅਕਤੀ ਨੂੰ ਦਖਾਉਣ ਵਿਚ ਮੱਦਦ ਕਰਦੇ ਹਨ।

ਪ੍ਰਸ਼ਨ 1 ਪ੍ਰਤੱਖੀਕਰਣ ਦੀਆਂ ਕਿਸਮਾਂ ਕਿੰਨੀਆਂ ਹਨ

ਪ੍ਰਸ਼ਨ 2 ਆਕਾਰ ਪ੍ਰਤੱਖੀਕਰਣ ਤੋ ਕੀ ਭਾਵ ਹੈ ਇਸ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ ਕਿਹੜੇ-ਕਿਹੜੇ ਹਨ

ਪ੍ਰਸ਼ਨ 3 ਹੇਠ ਲਿਖੇ ਵਿਚਾਰਾਂ ਦੀ ਵਿਆਖਿਆ ਕਰੋ

(1) ਆਕਾਰ ਅਤੇ ਭੂਮੀ

(2) ਸਪੱਸ਼ਟ ਰੇਖਾ

(3) ਲੁਪਤ ਆਕ੍ਰਿਤੀ

10.5. ਹਵਾਲੇ :-

1. Introduction to Psychology by Hilgard ,Atkinson and Atkinson.
2. Experimental Psychology by Woodworth and Schlosberg.
3.Introduction to Psychology by Mohanty.
4.Experimental Psychology by Babu Ram Chuhan.

ਪਾਠ ਨੰ. 2.5 ਡਾ. ਮੁਹਮਦ ਇਰਫਾਨ ਫਾਰੂਕੀ

ਸਪੇਸ ਪ੍ਰਤੱਖੀਕਰਣ

ਪਾਠ ਬਣਤਰ :

11.0. ਉਦੇਸ਼
11.1. ਸਪੇਸ ਪ੍ਰਤੱਖੀਕਰਣ ਦੀ ਭੂਮਿਕਾ
11.2. ਸਪੇਸ ਪ੍ਰਤੱਖੀਕਰਣ ਦਾ ਸਰੂਪ
11.3. ਆਵਾਜ਼ ਦੇ ਦੁਆਰਾ ਪ੍ਰਤੱਖੀਕਰਣ
11.4. ਦ੍ਰਿਸ਼ਟੀ ਦੁਆਰਾ ਸਪੇਸ ਪ੍ਰਤੱਖੀਕਰਣ
11.4.1. ਇਕ ਨੇਤਰੀ ਸੰਕੇਤ
11.4.1.1. ਪ੍ਰਤੀਬਿੰਬ ਦਾ ਆਕਾਰ
11.4.1.2. Parallax movement
11.4.1.3. ਪੰਗਤੀਗਤ ਸਰੂਪ
11.4.1.4. ਸਾਫ ਅਤੇ ਸਪੱਸ਼ਟ
11.4.1.5. ਢੱਕਿਆ ਹੋਇਆ ਭਾਗ
11.4.1.6. ਤੱਲ ਦਾ ਖੁਰਦਲਾ ਹੋਣਾ ਜਾਂ ਆਛਾਦਨ
11.4.1.7. ਧੁੱਪ ਅਤੇ ਛਾਂ
11.4.1.8. ਵਾਯੂ ਸਬੰਧੀ ਜਾਂ ਪਵਨਰੂਪ ਸਰੂਪ
11.4.1.9. ਰੰਗਾਂ ਵਿਚ ਪਰਿਵਰਤਨ
11.4.1.10. ਉਚਾਈ ਸੰਕੇਤ
11.4.1.11. ਗਤੀ ਬੋਧਤ ਗਹਿਰਾਈ ਸੰਕੇਤ
11.4.2. ਦੋ ਨੇਤਰੀ ਸੰਕੇਤ
11.4.2.1. ਸਮਾਯੋਜਨ
11.4.2.2. ਅੰਦਰ ਨੂੰ ਮੁੜਨਾ
11.4.2.3. Retinal Disparity
11.4.2.4. ਡਬਲ ਪ੍ਰਤੀਬਿੰਬ
11.5. ਸਿੱਟਾ
11.6. ਹਵਾਲੇ

11.0. ਉਦੇਸ਼:-

ਸਪੇਸ ਪ੍ਰਤੱਖੀਕਰਣ,ਪ੍ਰਤੱਖੀਕਰਣ ਦੀਆਂ ਕਿਸਮਾਂ ਵਿਚੋ ਇਕ ਹੈ। ਇਹ ਦੁਨੀਆਂ ਤਿੰਨ ਮਾਪਾਂ (Three dimensions space) ਉਤੇ ਨਿਰਭਰ ਕਰਦੀ ਹੈ ਅਤੇ ਅਸੀ ਦੁਨੀਆਂ ਦਾ ਗਿਆਨ ਵੀ ਇਹਨਾ ਤਿੰਨ ਮਾਪਾਂ ਸਪੇਸ ਦੇ ਦੁਆਰਾ ਪ੍ਰਾਪਤ ਕਰਦੇ ਹਾਂ।ਲੰਬਾਈ,ਚੋੜਾਈ ਅਤੇ ਡੂੰਘਾਈ ਨਾਲ ਹੀ ਅਸੀ ਫੋਟੋਆ ਨੂੰ ਸਹੀ ਤਰੀਕੇ ਨਾਲ ਅਨੁਭਵ ਕਰ ਸਕਦੇ ਹਾਂ। ਇਹ ਸਪੇਸ ਪ੍ਰਤੱਖੀਕਰਣ ਦ੍ਰਿਸ਼ਟੀ ਅਤੇ ਸੁਣਨ ਸੰਵੇਦਨਾਂ ਦੇ ਦੁਆਰਾ ਸਮਝ ਅਤੇ ਅਨੁਭਵ ਕਰ ਸਕਦੇ ਹਾਂ। ਇਸ ਪਾਠ ਨੂੰ ਪੜਨ ਤੋ ਬਾਅਦ ਦੋ concept ਸਪੱਸ਼ਟ ਹੁੰਦੇ ਹਨ ਕਿ ਸੁਣਨ ਦੇ ਦੁਆਰਾ ਸਪੇਸ ਪ੍ਰਤੱਖੀਕਰਣ ਨੂੰ ਵੀ ਅਨੁਭਵ ਕੀਤਾ ਜਾਂਦਾ ਹੈ ਜਿਹੜੇ ਕਿ ਦੋ ਤਰ੍ਹਾਂ ਦੇ ਸੰਕੇਤ ਸਾਹਮਣੇ ਆਉਂਦੇ ਹਨ।

(1)ਇਕ ਕੰਨ ਦੇ ਕਾਰਨ (Moncular cues)

(2)ਦੋਨਾਂ ਕੰਨਾ ਦੇ ਸੰਕੇਤ ਦੇ ਕਾਰਨ (Binacular cues)

ਇਸੇ ਤਰ੍ਹਾਂ ਦ੍ਰਿਸ਼ਟੀ ਜਾਂ ਦੇਖਣ ਦੇ ਦੁਆਰਾ ਸਪੇਸ ਪ੍ਰਤੱਖੀਕਰਣ ਨੂੰ ਵੀ ਅਨੁਭਵ ਕੀਤਾ ਜਾਂਦਾ ਹੈ। ਜਿਹੜੇ ਕਿ ਦੋ ਤਰ੍ਹਾਂ ਦੇ ਸੰਕੇਤ ਸਾਹਮਣੇ ਆਉਂਦੇ ਹਨ।

(1) ਇਕ ਨੇਤਰ ਸੰਕੇਤ (Monocular cues)

(2) ਦੋ ਨੇਤਰ ਸੰਕੇਤ (Binocular cues)

11.1. ਸਪੇਸ ਜਾਂ ਪੁਲਾੜ ਪ੍ਰਤੱਖੀਕਰਣ ਦੀ ਭੂਮਿਕਾ

ਸਪੇਸ (Space) ਦੀਆ ਤਿੰਨ dimensions ਹੁੰਦੀਆ ਹਨ। ਲੰਬਾਈ ,ਚੋੜਾਈ ਅਤੇ ਡੂੰਘਾਈ । ਜਦੋਂ ਕੋਈ ਚਿੱਤਰ ਕਾਪੀ ਤੇ ਬਣਾਇਆ ਜਾਂਦਾ ਹੈ ਤਾਂ ਉਸ ਦੀਆਂ ਸਿਰਫ ਦੋ dimensions ਬਣਦੀਆ ਹਨ ਇਸੇ ਤਰ੍ਹਾਂ ਜਦੋਂ ਕਿਸੇ ਵਸਤੂ ਦਾ ਪ੍ਰਤੀਬਿੰਬ Retina ਤੇ ਬਣਦਾ ਹੈ ਤਾਂ ਉਸ ਦੀ ਤੀਸਰੀ Dimensions ਨਹੀ ਬਣਦੀ । ਜਦੋ ਕਿ ਰੋਜ਼ਾਨਾ ਜਿੰਦਗੀ ਵਿਚ ਜਦੋਂ ਅਸੀ ਦੇਖਦੇ ਹਾਂ ਤਾਂ ਤੀਸਰੀ dimensions ਦਾ ਪ੍ਰਤੱਖੀਕਰਨ ਵੀ ਹੁੰਦਾ ਹੈ। ਇਥੇ ਪ੍ਰਸ਼ਨ ਇਹ ਉੱਠਦਾ ਹੈ ਕਿ ਜਦੋ ਪ੍ਰਤੀਬਿੰਬ ਦੀਆਂ ਸਿਰਫ ਦੋ Dimensions ਹੁੰਦੀਆ ਹਨ,ਤਾਂ ਤੀਸਰੀ Dimensions (ਦੂਰੀ) ਦਾ ਪ੍ਰਤੱਖੀਕਰਨ ਕਿਵੇਂ ਹੁੰਦਾ ਹੈ। ਅਸੀ ਦੁਨੀਆਂ ਦੇ ਬਾਰੇ ਗਿਆਨ ਅਤੇ ਤਿੰਨ ਮਾਪਾ ਸਬੰਧ (Tridemensional Relationship) ਦੀ ਸਹਾਇਤਾ ਨਾਲ ਪ੍ਰਾਪਤ ਕਰ ਸਕਦੇ ਹਾਂ।

11.2. ਸਰੂਪ : ਸਪੇਸ ਵਿਚ ਤਿੰਨ ਵਿਸ਼ੇਸ਼ਤਾਈਆਂ ਲੰਬਾਈ ,ਚੋੜਾਈ ਅਤੇ ਡੂੰਘਾਈ (Length ,Breath and Depth) ਪਾਈਆ ਜਾਂਦੀਆਂ ਹਨ। ਪ੍ਰਤੱਖੀਕਰਣ ਦੇ ਵਿਚਕਾਰ ਇਹਨਾਂ ਵਿਸ਼ੇਸ਼ਤਾਵਾਂ ਦੀਆਂ ਨਿਸ਼ਾਨੀਆਂ ਨੂੰ ਮੁੱਖ ਰੱਖਿਆ ਜਾ ਸਕਦਾ ਹੈ।

(1) ਲੰਬਾਈ :- ਇਸ ਦਾ ਸਬੰਧ ਜਦੋ ਕਿ ਦੂਰ ਅਤੇ ਨੇੜੇ ਦੀਆਂ ਚੀਜਾਂ ਦੇ ਨਾਲ ਹੁੰਦਾ ਹੈ। ਇਸ ਲਈ ਦੂਰ ਦੀ ਪ੍ਰਤੱਖੀਕਰਣ ਨਾਲ ਸਬੰਧ ਹੈ।

(2) ਚੋੜਾਈ :- ਇਸ ਦਾ ਸਬੰਧ ਚੋੜਾਈ ਨਾਲ ਹੋਣ ਕਰਕੇ ਉਪਰ ਅਤੇ ਹੇਠਾਂ ਦਾ ਅੰਦਾਜਾਂ ਲਗਦਾ ਹੈ ਇਸ ਲਈ ਇਸ ਵਿਚ ਉਚਾਈ ਅਤੇ ਡੂੰਘਾਈ ਦਾ ਵੀ ਪ੍ਰਤੱਖੀਕਰਣ ਹੁੰਦਾ ਹੈ।

(3) ਡੂੰਘਾਈ :- ਜਦੋ ਕਿ ਦੂਰੀ ,ਉਚਾਈ ਅਤੇ ਡੂਘਾਈ ਉਸ ਸਮੇ ਤੱਕ ਸੰਭਭਵ ਨਹੀ ਹਨ। ਜਦੋ ਤੱਕ ਇਹ ਹਵਾਲਾ ਨਾਂ ਹੋਵੇ ਕਿ ਇਹ ਕਿਸ ਤਰਫ ਸਥੀਰ ਹੈ ਖੱਬੇ ,ਸੱਜੇ ,ਉਪਰ,ਹੇਠਾਂ,ਇਸ ਲਈ ਦਿਸ਼ਾ (Direction) ਦਾ ਪ੍ਰਤੱਖੀਕਰਣ ਵੀ ਇਸ ਵਿਚ ਸ਼ਾਮਿਲ ਹੈ । ਇਸ ਤਰ੍ਹਾਂ ਨਾਲ ਸਪੇਸ ਪ੍ਰਤੱਖੀਕਰਣ ਵਿਚ ਤਿੰਨ ਮਾਪਾ ਪ੍ਰਤੱਖੀਕਰਣ ਭਾਵ ਦੂਰੀ,ਡੂਘਾਈ ਅਤੇ ਦਿਸ਼ਾ(Direction) ਦਾ ਪ੍ਰਤੱਖੀਕਰਣ ਸ਼ਾਮਿਲ ਹੈ। ਕਿਸੀ ਵੀ ਚੀਜ ਦਾ ਇਸ ਕਿਸਮ ਦਾ ਪੂਰਾ ਪ੍ਰਤੱਖੀਕਰਣ ਪ੍ਰਾਪਤ ਕਰਨ ਦੇ ਲਈ ਗਠੀਲੇ ਅੰਦਾਜੇ ਵਿਚ ਇਕ ਹੀ ਸਮੇ ਵਿਚ ਬਣਾ ਕੇ ਦੂਰੀ,ਡੂਘਾਈ ਦਿਸ਼ਾ ਅਤੇ ਹਰਕਤ ਆਦਿ ਦਾ ਫੈਸਲਾ ਕੀਤਾ ਜਾਂਦਾ ਹੈ। ਭਿੰਨ ਭਿੰਨ ਗਿਆਨ ਨੂੰ ਆਪਣੇ ਆਪਣੇ ਖਾਨੇ ਵਿਚ ਇਕੱਠਾ ਕਰਦੇ ਹਨ ਅਤੇ ਫਿਰ ਪ੍ਰਤੱਖੀਕਰਣ ਕਰਦੇ ਹਨ।

ਡੂੰਘਾਈ (Depth) ਅਤੇ ਸਪੇਸ (Space) ਪ੍ਰਤੱਖੀਕਰਣ ਕਰਨ ਵਿਚ ਦੋ Sense Organs ਸਭ ਤੋਂ ਮੁੱਖ ਹਨ।

(1) ਕੰਨ ਜੋ ਆਵਾਜ ਦੇ ਦੁਆਰਾ ਪ੍ਰਤੱਖੀਕਰਣ ਕਰਦਾ ਹੈ।

(2) ਅੱਖ ਜੋ ਰੋਸ਼ਨੀ ਦੇ ਦੁਆਰਾ ਪ੍ਰਤੱਖੀਕਰਣ ਕਰਦੀ ਹੈ।

11.3. ਆਵਾਜ਼ ਦੇ ਦੁਆਰਾ ਪ੍ਰਤੱਖੀਕਰਣ :- ਸਪੇਸ ਪ੍ਰਤੱਖੀਕਰਣ ਆਵਾਜ਼ ਤੋਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਆਵਾਜ਼ ਵਿਚ Sense Organs ਕੰਨ ਹਨ ਜੋ ਆਵਾਜ਼ ਨੂੰ ਸੁਣ ਕੇ ਫੈਸਲਾ ਕਰ ਸਕਦੇ ਹਨ ਕਿ ਕਿਸੀ ਚੀਜ ਦੀ, ਡੂੰਘਾਈ ਅਤੇ ਉਚਾਈ ਕਿੰਨੀ ਹੋਵੇਗੀ। ਕੰਨ ਦੋ ਤਰ੍ਹਾਂ ਨਾਲ ਸਪੇਸ ਪ੍ਰਤੱਖੀਕਰਣ ਕਰ ਸਕਦਾ ਹੈ।

11.3.1. ਇਕ ਕੰਨ ਦੇ ਕਾਰਨ (Monocular)

11.3.2 ਦੋਨਾਂ ਕੰਨਾ ਦੇ ਸੰਕਤ ਦੇ ਕਾਰਨ (Binocular)

11.3.1. ਇਕ ਕੰਨ ਦੇ ਕਾਰਨ (Monocular):- ਪੂਰੀ ਤਰ੍ਹਾਂ ਨਾਲ ਬੋਲਾ ਹੋਣ ਦੀ ਥਾਂ ਇਕ ਕੰਨ ਦੇ ਦੁਆਰਾ ਪ੍ਰਤੱਖੀਕਰਣ ਦੇ ਲਈ ਚੰਗਾ ਹੁੰਦਾ ਹੈ।ਕੰਨ ਇਹਨਾਂ ਆਵਾਜਾਂ ਦੀ ਦਿਸ਼ਾ ,ਦੂਰੀ ਆਦਿ ਦਾ ਪੂਰਾ ਗਿਆਨ ਪ੍ਰਾਪਤ ਕਰ ਲੈਂਦਾ ਹੈ ਜਿਹੜੀ ਉਸ ਦੀ ਸਿਧੀ ਦਿਸ਼ਾ ਵਿਚ ਆ ਰਹੀ ਹੁੰਦੀ ਹੈ। ਪਰ ਜੇ ਆਵਾਜ ਉਸ ਕੰਨ ਦੇ ਉਲਟ ਦਿਸ਼ਾ ਵਲੋਂ ਆ ਰਹੀ ਹੋਵੇ ਤਾਂ ਉਸ ਦਾ ਪ੍ਰਤੱਖੀਕਰਣ ਬਹੁਤ ਮੁਸ਼ਕਲ ਹੋ ਜਾਂਦਾ ਹੈ। ਜੇ ਇਕ ਕੰਨ ਨਾਲ ਪ੍ਰਤੱਖੀਕਰਣ ਪ੍ਰਾਪਤ ਕਰ ਸਕਦੇ ਹਾਂ ਤਾਂ ਉਸ ਨੂੰ ਇਕ ਕੰਨ ਸਪੇਸ ਪ੍ਰਤੱਖੀਕਰਣ ਕਹਿੰਦੇ ਹਨ। ਇਹ ਚਿੰਨ ਦੋ ਤਰ੍ਹਾਂ ਨਾਲ ਪ੍ਰਾਪਤ ਕੀਤੀ ਜਾਂਦੀ ਹੈ।

(1) ਆਵਾਜ਼ ਦੀ ਦੂਰੀ (Distance of Sound)

(2) ਆਵਾਜ ਦੀ ਦਿਸ਼ਾ (Direction of Sound)

11.3.2. ਦੋਨਾ ਕੰਨਾ ਦੇ ਸੰਕੇਤੀ ਪ੍ਰਤੱਖੀਕਰਣ (Binocular):- ਆਮ ਸਥਿਤੀ ਵਿਚ ਦੋਨਾਂ ਕੰਨਾਂ ਨਾਲ ਆਵਾਜ ਦੀ ਦਿਸ਼ਾ ਦਾ ਠੀਕ ਪਤਾ ਚਲਾਈਆਂ ਜਾ ਸਕਦਾ ਹੈ। ਉਹ ਸੰਕੇਤ ਜੋ ਸੰਭਵ ਹੱਦ ਤਕ ਆਵਾਜ ਨੂੰ ਦੋਨਾ ਕੰਨਾਂ ਦੀ ਸਹਾਇਤਾ ਨਾਲ ਪਤਾ ਕਰ ਸਕੇ ਉਸ ਨੂੰ Binaural ਕਹਿੰਦੇ ਹਨ।

ਜੇ ਕਿਸੇ ਵਿਅਕਤੀ ਨੂੰ ਇਕ Sound Proof ਕਮਰੇ ਵਿਚ ਬਿਠਾਕੇ ਉਸ ਦੀਆਂ ਅੱਖਾਂ ਉਤੇ ਪੱਟੀ ਬੰਨ ਦਿੱਤੀ ਜਾਵੇ ਅਤੇ ਉਸ ਦੇ ਨੇੜੇ ਤੋਂ ਆਵਾਜ ਕੱਢੀ ਜਾਵੇ ਤਾਂ ਉਹ ਇਹਨਾਂ ਅਵਾਜਾਂ ਦੀ ਦਿਸ਼ਾ ਦਾ ਠੀਕ ਅੰਦਾਜਾ ਲਗਾ ਲੈਂਦਾ ਹੈ ਜੋ ਖੱਬੇ ਜਾਂ ਸੱਜੇ ਪਾਸੇ ਤੋ ਆ ਰਹੀ ਹੈ। ਜੇ ਖੱਬਾ ਕੰਨ ਬੰਦ ਕਰ ਦਿੱਤਾ ਜਾਵੇ ਅਤੇ ਸੱਜੇ ਪਾਸੋ ਆਵਾਜ ਪੈਦਾ ਕੀਤੀ ਜਾਵੇ ਤਾਂ ਖੱਬਾ ਕੰਨ ਆਵਾਜ ਦੀ ਠੀਕ ਦਿਸ਼ਾ ਦਾ ਅੰਦਾਜਾ ਨਹੀ ਕਰ ਸਕਦਾ ।ਦੂਰੀ ਦੇ ਬਾਰੇ ਫੈਸਲਾ ਕਰਨ ਵਿਚ ਦੋ ਨਿਯਮ ਮੁੱਖ ਹਨ।

(1) ਸਮੇਂ ਵਿਚ ਫਰਕ (Time difference)

(2) ਤੀਬਰਤਾ ਵਿਚ ਫਰਕ (Intensity difference)

ਦੂਜੇ ਸੰਕੇਤ (Other Cues):- ਆਵਾਜ ਦੀ ਠੀਕ ਦਿਸ਼ਾ ਅਤੇ ਦੂਰੀ ਦਾ ਅੰਦਾਜਾ ਕਰਨ ਲਈ ਦੂਸਰੇ ਤੱਤ ਵੀ ਆਪਣਾ ਰੋਲ ਨਭਾਉਂਦੇ ਹਨ। ਜਦੋ ਦ੍ਰਿਸ਼ਟੀ ਉਤੇਜਕ ਅਤੇ ਸੁਣਨ ਉਤੇਜਕ ਦੇ ਨਾਲ ਪੈਦਾ ਹੋਵੇ ਤਾਂ ਉਸ ਗਲ ਦਾ ਅੰਦਾਜਾ ਲੱਗਾ ਲਿਆ ਜਾਂਦਾ ਹੈ ਕਿ ਉਹ Stimuli ਇਹ ਹੀ ਚੀਜ ਦੇ ਹਨ ਤੇ ਇਕ ਹੀ ਥਾਂ ਤੇ ਹਨ ਜਿਵੇ ਅਸੀ ਕਿਸੇ ਵਿਅਕਤੀ ਦੇ ਬੁਲਾਂ ਦੀ ਹਰਕਤ ਨੂੰ ਦੇਖ ਦੇ ਅੰਦਾਜਾ ਲਗਾਉਂਦੇ ਹਾਂ ਕਿ ਇਹ ਆਵਾਜ ਇਸੇ ਦੇ ਮੂੰਹ ਤੋ ਹੀ ਨਿਕਲ ਰਹੀ ਹੈ ਜਦੋ ਕਿ ਆਵਾਜ ਬੁਲਾਂ ਦੀ ਗਤੀ ਦੇ ਥੋੜੀ ਦੇਰ ਬਾਅਦ ਕੰਨਾ ਤੱਕ ਪਹੁੰਚਦੀ ਹੈ। ਇਸ ਤੋ ਇਲਾਵਾ ਇਸ ਗੱਲ ਦਾ ਸਬੰਧ Mental Set, Learning ਦੇ ਨਾਲ ਵੀ ਹੈ ਜਿਹੜਾ ਕਿ ਦਿਸ਼ਾ ਅਤੇ ਦੂਰੀ ਦੇ ਬਾਰੇ ਫੈਸਲਾ ਕਰਨ ਵਿਚ ਮੁੱਖ ਰੋਲ ਅਦਾ ਕਰਦੇ ਹਨ। ਹੁਣ ਅਸੀ ਦ੍ਰਿਸ਼ਟੀ ਸਪੇਸ ਦੇ ਬਾਰੇ ਲਿਖਾਂਗੇ ਕਿ ਜਦੋ ਅਸੀ ਦੇਖਦੇ ਹਾਂ ਤਾਂ ਸਪੇਸ ਪ੍ਰਤੱਖੀਕਰਣ ਵਿਚ ਦ੍ਰਿਸ਼ਟੀ ਕਿਸ ਹੱਦ ਤੱਕ ਆਪਣਾ ਰੋਲ ਅਦਾ ਕਰਦੀ ਹੈ।

11.4. ਦ੍ਰਿਸ਼ਟੀ ਦੁਆਰਾ ਸਪੇਸ ਪ੍ਰਤੱਖੀਕਰਣ :- ਵਿਅਕਤੀ ਦੀ ਅੱਖ ਦੀ ਰੈਟੀਨਾਂ (Retina) ਇਕ ਸਪਾਰਟ ਪੱਧਰ ਹੈ ਅਤੇ ਇਸ ਤੇ ਪੈਣ ਵਾਲੀ ਰੋਸ਼ਨੀ ਜਾਂ ਪ੍ਰਕਾਸ਼ ਦੀਆਂ ਕਿਰਨਾਂ ਦੋ ਦਿਸ਼ਾਵਾਂ ਵੱਲ ਫੈਲਦੀਆਂ ਹਨ। ਇਸ ਕਰਕੇ ਇਹ ਵਿਚਾਰ ਕੀਤਾ ਜਾਂਦਾ ਹੈ ਕਿ Visual Experiment ਵੀ ਦੋ ਦਿਸ਼ਾ ਵਿਚ ਦੂਰੀ ਅਤੇ ਸਪਾਰਟ ਦੀ ਪ੍ਰਤੱਖੀਕਰਣ ਇਸ ਤਰ੍ਹਾਂ ਨਾਲ ਕੀਤੀ ਜਾ ਸਕਦੀ ਸੀ ਕਿ ਡੂਘਾਈ ਪਤਾ ਨਹੀ ਕੀਤੀ ਜਾ ਸਕਦੀ ਸੀ ਪਰ ਖੋਜਾਂ ਇਹ ਗੱਲ ਗਲਤ ਸਿੱਧ ਕਰਦੀਆਂ ਹਨ ਕਿਉਕਿ ਦੂਰੀ ਹਮੇਸ਼ਾ ਤਿੰਨ ਮਾਪਾ ਸਬੰਧ (ਦੂਰੀ,ਡੂਘਾਈ ਅਤੇ ਉਚਾਈ) ਦੀ ਵਜਾ ਨਾਲ ਹੀ ਅਨੁਭਵ ਕੀਤਾ ਜਾਂਦਾ ਹੈ ਭਾਵੇ ਉਤੇਜਕ ਕਿੰਨਾਂ ਸਾਦਾ ਕਿਉਂ ਨਾ ਹੋਵੇ। ਡੂੰਘਾਈ ਦੇ ਪ੍ਰਤੱਖੀਕਰਣ ਵਿਚ ਇਹ ਅਸਰ ਵੀ ਪਾਇਆ ਜਾਂਦਾ ਹੈ ਕਿ ਕੁਦਰਤੀ ਤੋਰ ਤੇ Figure and ground ਦੀ ਸੂਰਤ ਵਿਚ Perceptual Organisation ਪੈਦਾ ਹੋ ਜਾਂਦੀ ਹੈ ਇਸ ਦੇ ਬਾਰੇ ਵਿਚ ਗਿਆਨ ਪ੍ਰਾਪਤ ਕਰਨ ਵਿਚ ਮਦਦ ਦਿੰਦੀ ਹੈ। ਜਿਵੇਂ ਕਿ ਜੇ Figure and ground ਕਿਸੇ ਚੀਜ ਤੋ ਅੱਲਗ ਕਰ ਦਿੱਤਾ ਜਾਵੇ ਤਾਂ ਸ਼ਕਲ ਸਾਫ ਹੋ ਜਾਂਦੀ ਹੈ। ਜਦੋ ਕਿ Ground ਕਲੀਅਰ ਨਾ ਹੋਵੇ ਅਤੇ Figure ਦੇ ਪਿੱਛੇ ਚਲੀ ਜਾਵੇ ਤਾਂ ਸ਼ਕਲ ਉਭਰ ਦੇ ਸਾਹਮਣੇ ਦਿਖਾਈ ਦਿੰਦੀ ਹੈ। ਡੂਘਾਈ ਦਾ ਪ੍ਰਤੱਖੀਕਰਣ ਦੋ ਤਰ੍ਹਾਂ ਦੇ ਸੰਕੇਤਾ ਦੁਆਰਾ ਪ੍ਰਾਪਤ ਹੁੰਦਾ ਹੈ:-

11.4.1. ਇਕ ਨੇਤਰੀ ਸੰਕੇਤ (Monocular cues)

11.4.2. ਦੋ ਨੇਤਰੀ ਸੰਕੇਤ (Binocular cues)

11.4.1. ਇਕ ਨੇਤਰੀ ਸੰਕੇਤ (Monocular cues):- ਅੰਨਿਆ ਦੀ ਬਸਤੀ ਵਿਚ ਇਕ ਅੱਖ ਰੱਖਣ ਵਾਲਾ ਵਿਅਕਤੀ ਬਾਦਸ਼ਾਹ ਦੀ ਮਹੱਤਤਾ ਰੱਖਦਾ ਹੈ ਕਿਉਕਿ ਉਹ ਇਸ ਨਾਲ ਦੁਨੀਆਂ ਦੀ ਹਰ ਚੀਜ ਨੂੰ ਦੇਖ ਅਤੇ ਪਰਖ ਸਕਦਾ ਹੈ। ਡੂੰਘਾਈ ਦੇ ਪ੍ਰਤੱਖੀਕਰਣ ਦਾ ਸਹੀ ਪਤਾ ਲਗਾਉਣ ਲਈ ਭਾਵੇ ਦੋਨਾਂ ਅੱਖਾਂ ਦੀ ਜਰੂਰਤ ਹੁੰਦੀ ਹੈ । ਕਿਉਕਿ ਦੋਨਾਂ ਅੱਖਾਂ ਆਪਣੇ ਆਪਣੇ ਦ੍ਰਿਸ਼ਟੀ ਦੇ ਖਾਨਿਆਂ ਦੀ ਵਜਾ ਨਾਲ ਸਹੀ ਅੰਦਾਜਾਂ ਲਗਾਉਂਦੀਆਂ ਹਨ ਪਰ ਇਕ ਅੱਖ ਵਿਚ ਕਿਉਕਿ ਸਹੀ ਅੰਦਾਜਾ ਨਹੀ ਹੋ ਸਕਦਾ ਇਸ ਲਈ ਸਪੇਸ ਜਾਂ ਡੂੰਘਾਈ ਦਾ ਸਹੀ ਅੰਦਾਜਾਂ ਲਗਾਉਣਾ ਮੁਸ਼ਕਿਲ ਹੋ ਜਾਂਦਾ ਹੈ। ਭਾਵੇ ਕਿਸੇ ਹੱਦ ਤੱਕ ਇਹ ਅੰਦਾਜਾਂ ਵਾਤਾਵਰਨ ਦੇ ਦੂਜੇ ਸੰਕੇਤ ਜਿਸ ਵਿਚ ਵਾਤਾਵਰਨ ਦਾ ਦ੍ਰਿਸ਼ਟੀ ਪੈਟਰਨ (Visual Pattern) ਅੱਖ ਦੀ ਗਤੀ ਅਤੇ ਸਿਰ ਦੀ ਗਤੀ ਤੋ ਲਗਾਇਆ ਜਾ ਸਕਦਾ ਹੈ। ਜਿਵੇਂ ਉਪਰ ਦੱਸਿਆ ਹੈ ਕਿ ਇਕ ਕੰਨ ਖਰਾਬ ਹੋਣ ਦੀ ਸੂਰਤ ਵਿਚ ਆਵਾਜ, ਦੂਰੀ ਅਤੇ ਦਿਸ਼ਾ ਦਾ ਅੰਦਾਜਾ ਲਗਾਉਣਾ ਮੁਸ਼ਕਿਲ ਹੁੰਦਾ ਹੈ। ਸਪੇਸ ਪ੍ਰਤੱਖੀਕਰਣ ਵਿਚ ਸੰਕੇਤਾ ਦਾ ਪ੍ਰਗਟ ਹੋਣਾ ਬਹੁਤ ਮਹੱਤਵਪੂਰਨ ਹੈ ਜੋ ਤਿੰਨ ਤਰ੍ਹਾਂ ਦੇ ਹਨ।

(1) ਅੱਖ ਦੇ ਲਈ ਵਾਤਾਵਰਨ ਦੇ ਦ੍ਰਿਸ਼ਟੀ ਨਮੂਨੇ (Pattern) ਡੂੰਘਾਈ ਦਾ ਪ੍ਰਭਾਵ ਪੇਸ਼ ਕਰਨ ਵਿਚ ਬਹੁਤ ਸਹਾਇਤਾ ਕਰਦੇ ਹਨ। ਜਿਸ ਦੀ ਵਜਾ ਨਾਲ ਇਹ ਅੰਦਾਜਾ ਲਗਾ ਸਕਦੇ ਹਾਂ ਕਿ ਦੂਰ ਨੇੜੇ,ਅੱਗੇ ਪਿੱਛੇ ,ਉਪਰ ਹੇਠਾਂ ਚੀਜਾ ਕਿਹੜੀਆਂ ਕਿਹੜੀਆਂ

ਹਨ ਅਤੇ ਕਿੱਥੇ-ਕਿੱਥੇ ਹਨ। ਇਹ ਸੰਕੇਤ ਜਿਨਾਂ ਦੀ ਮਦਦ ਨਾਲ ਅੰਦਾਜਾਂ ਕੀਤਾ ਜਾ ਸਕਦਾ ਹੈ । ਇਹ ਕਈ ਹਨ ਜਿਹੜੇ ਕਿ ਹੇਠਾਂ ਲਿਖੇ ਹਨ:-

Monocular cues ਇਕ ਨੇਤਰ ਸੰਕੇਤ:- ਇਹ ਸੰਕੇਤ ਹੇਠਾਂ ਲਿਖੇ ਅਨੁਸਾਰ ਹਨ।

11.4.1.1. ਪ੍ਰਤੀਬਿੰਬ ਦਾ ਆਕਾਰ (Size of Image):- ਜਦੋਂ ਕੋਈ ਵਸਤੂ ਨੇੜੇ ਹੁੰਦੀ ਹੈ ਤਾਂ ਉਸਦੇ ਪ੍ਰਤੀਬਿੰਬ ਦਾ ਅਕਾਰ ਵੱਡਾ ਹੁੰਦਾ ਹੈ ਪਰ ਜਿਵੇਂ ਜਿਵੇਂ ਵਸਤੂ ਦੂਰ ਜਾਂਦੀ ਹੈ ਪ੍ਰਤੀਬਿੰਬ ਦਾ ਅਕਾਰ ਛੋਟਾ ਪ੍ਰਤੀਤ ਹੁੰਦਾ ਹੈ ਜਿਵੇਂ ਆਪਣੇ ਹੱਥ ਦੀ ਇਕ ਉਂਗਲੀ ਨੂੰ ਬਾਹ ਦੀ ਦੂਰੀ ਤੇ ਅੱਖ ਦੇ ਸਾਹਮਣੇ ਰੱਖ ਲਉ ਅਤੇ ਫਿਰ ਹੌਲੀ ਹੌਲੀ ਅੱਖ ਦੇ ਨੇੜੇ ਲੈ ਕੇ ਆਉ। ਜਿਵੇਂ ਜਿਵੇਂ ਉਂਗਲੀ ਨੇੜੇ ਆਉਦੀ ਹੈ ਉਂਗਲੀ ਦਾ ਆਕਾਰ ਵੱਡਾ ਪ੍ਰਤੀਤ ਹੁੰਦਾ ਹੈ। ਕਿਉਕਿ ਜਦੋ ਵਸਤੂ ਸਾਡੀ ਅੱਖ ਦੇ ਕੋਰਨਰ (Corner) ਵਿਚ ਨੂੰ ਹੁੰਦੀ ਹੋਈ Retina ਤੇ ਆਪਣਾ ਪ੍ਰਤੀਬਿੰਬ ਬਣਾਉਦੀ ਹੈ ਤਾਂ ਨੇੜੇ ਦੀ ਵਸਤੂ ਦਾ ਅਕਾਰ ਵੱਡਾ ਬਣਦਾ ਹੈ ਤੇ ਦੂਰ ਦੀ ਵਸਤੂ ਦਾ ਅਕਾਰ ਛੋਟਾ Retina ਤੇ ਬਣਦਾ ਹੈ। ਇਸ ਗੱਲ ਨੂੰ ਅਟੀਲਸਨ ਅਤੇ ਕਿਲਪੇਟਰੀਕ (Ittlson & Kilpatrick,11150) ਨੇ ਇਕ ਪ੍ਰਯੋਗ ਕੀਤਾ ਜਿਸ ਵਿਚ ਇਕ ਹਨੇਰੇ ਕਮਰੇ ਵਿਚ ਬਰਾਬਰ ਦੂਰੀ ਤੇ ਦੋ ਗੁਬਾਰੇ ਹਵਾ ਵਿਚ ਲਟਕਾ ਦਿੱਤੇ। ਸਬਜੇਕਟ ਨੂੰ ਇਹ ਦੱਸਣਾ ਸੀ ਕਿ ਕਿਹੜਾ ਗੁਬਾਰਾ ਨੇੜੇ ਹੈ ਤੇ ਕਿਹੜਾ ਦੂਰੀ ਤੇ ਹੈ। ਇਕ ਗੁਬਾਰੇ ਦਾ ਆਕਾਰ ਵੱਡਾ ਕਰ ਲਿਆ ਤੇ ਦੂਜੇ ਦਾ ਛੋਟਾ ਕਰ ਦਿੱਤਾ । ਪ੍ਰਯੋਗ ਵਿਚ ਦੇਖਿਆ ਗਿਆ ਕਿ ਵੱਡੇ ਗੁਬਾਰੇ ਨੂੰ ਸਬਜੇਕਟ ਨੇ ਨੇੜੇ ਦੱਸਿਆ ਤੇ ਛੋਟੇ ਨੂੰ ਦੂਰੀ ਤੇ ਅਨੁਭਵ ਕੀਤਾ । ਫੋਟੋ ਨੰ:1 ਵਿਚ 4 ਹਵਾਈ ਜਹਾਜ ਖੜੇ ਦਿਖਾਈ ਦੇ ਰਹੇ ਹਨ। ਪਹਿਲੇ ਜਹਾਜ ਅੱਗੇ ਹੈ ਜੋ ਕਿ ਸਾਡੀ ਨਜ਼ਰ ਦੇ ਨੇੜੇ ਹੈ ਉਸ ਦਾ ਪਰ ਵੱਡਾ ਦਿਖਾਈ ਦਿੰਦਾ ਹੈ ਜਦੋਂ ਕਿ ਚੋਥੇ ਜਹਾਜ ਦਾ ਪਰ ਛੋਟਾ ਦਿਖਾਈ ਦੇ ਰਿਹਾ ਹੈ ਜਦੋ ਕਿ ਚਾਰਾ ਜਹਾਜਾਂ ਦੇ ਪਰ ਅਤੇ ਸਾਈਜ ਪੂਰੇ ਦੇ ਪੂਰੇ ਬਰਾਬਰ ਹਨ। ਇਹ ਇਝ ਪ੍ਰਤੀਬਿੰਬ ਦਾ ਆਕਾਰ ਦੇ ਕਾਰਨ ਦਿੱਖਦਾ ਹੈ।

ਫੋਟੋ ਨੰ:1

11.4.1.2. Parallax movement :- ਜਦੋ ਅਸੀ ਗਤੀਸ਼ੀਲ ਹੁੰਦੇ ਹਾਂ ਤਾਂ ਨੇੜੇ ਦੀਆਂ ਵਸਤੂਆਂ ਪਿੱਛੇ ਨੂੰ ਦੌੜਦੀਆਂ ਪ੍ਰਤੀਤ ਹੁੰਦੀਆਂ ਹਨ ਤੇ ਦੂਰ ਦੀਆਂ ਵਸਤੂਆਂ ਨਾਲ ਚਲਦੀਆਂ ਪ੍ਰਤੀਤ ਹੁੰਦੀਆਂ ਹਨ। ਜਿਵੇਂ Train ਵਿਚ ਸਫਰ ਕਰਦੇ ਸਮੇ ਪਟੜੀਆਂ ਦੇ ਨੇੜੇ ਵਾਲੇ ਦਰੱਖਤ ਅਤੇ ਖੰਭੇ ਪਿੱਛੇ ਨੂੰ ਦੌੜਦੇ ਪ੍ਰਤੀਤ ਹੁੰਦੇ ਹਨ, ਜਦੋ ਕਿ ਦੂਰ ਵਾਲੇ ਦਰੱਖਤ ਨਾਲ ਨਾਲ ਚਲਦੇ ਪ੍ਰਤੀਤ ਹੁੰਦੇ ਹਨ।

11.4.1.3. ਪੰਗਤੀਗਤ ਸਰੂਪ (Linear perspective):- ਸਮਾਂਨਾਂਤਰ ਉਤੇਜਕ ਦੂਰ ਹੋਣ ਤੇ ਇਕ ਦੂਜੇ ਦੇ ਨੇੜੇ ਆਉਂਦੇ ਪ੍ਰਤੀਤ ਹੁੰਦੇ ਹਨ। ਜਿਵੇਂ ਰੇਲਵੇ ਦੀਆਂ ਪਟੜੀਆਂ ਵਿਚ ਖੜੇ ਹੋ ਕੇ ਦੇਖੀਏ ਤਾਂ ਸਾਮਾਂਨਤਰ ਰੇਲਵੇ ਪਟੜੀਆਂ ਦੂਰ ਜਾ ਕੇ ਇਕ ਦੂਜੇ ਦੇ ਨੇੜੇ ਆਉਂਦੀਆਂ ਪ੍ਰਤੀਤ ਹੁੰਦੀਆਂ ਹਨ।ਜੇਨਡਾ ਅਤੇ ਕਲੇਨਕਾ ਹਮਲ (Janda & Klenhdk – Hamel ,11182) ਨੇ ਪੰਗਤੀਗਤ ਸਰੂਪ (Linear perspective) ਨੂੰ ਪ੍ਰਭਾਸ਼ਿਤ ਕਰਦੇ ਹੋਏ ਕਿਹਾ ਕਿ ਪੰਗਤੀਗਤ ਸਰੂਪ (Linear perspective) ਦਾ ਅਰਥ ਹੈ ਕਿ ਇਹ ਉਹ Phenomenon ਹੈ ਜਿੱਥੇ ਬਰਾਬਰ ਦੋਨੋ ਪਾਸੇ ਇਕ ਹੀ ਦੂਰੀ ਤੇ ਸਿਧੀ ਜਾਂਦੀਆ ਹਨ ਤੇ ਜਿਵੇਂ ਜਿਵੇਂ ਦੂਰੀ ਵਧਦੀ ਜਾਂਦੀ ਹੈ ਤਾਂ ਉਹ ਦੋਨੋ ਬਰਾਬਰ ਪਾਸੇ ਇਕ ਦੂਜੇ ਵਿਚ ਮਿਲਦੇ ਹੋਏ ਨਜ਼ਰ ਆਉਦੇ ਹਨ। ਫੋਟੋ ਨੰ:2 ਵਿਚ ਇਕ ਸਿਧੀ ਸੜਕ ਦਿਖਾਈ ਦੇ ਰਹੀ ਹੈ ਪਰ ਇਹ ਬਰਾਬਰ ਜਾਂਦੀ ਹੋਈ ਸਿਧੀ ਸੜਕ ਦੇ ਦੋਨੋ ਪਾਸੇ ਦੂਰੀ ਤੇ ਇਕ ਹੀ ਦਿਖਾਈ ਦੇ ਰਹੇ ਹਨ । ਇਸੇ ਤਰ੍ਹਾਂ ਫੋਟੋ ਨੰ: 3 ਵਿਚ ਇਕ ਰੇਲ ਦੀ ਪਟਰੀ ਦਿਖਾਈ ਦੇ ਰਹੀ ਹੈ ਜਿਸ ਦੇ ਨੇੜੇ ਦੋਨੋ ਲਾਈਨਾਂ ਅਲਗ ਅਲਗ ਦਿਖਾਈ ਦੇ ਰਹੀਆ ਹਨ ਪਰ ਦੂਰ ਤੋ ਇਕ ਹੀ ਦਿਖਾਈ ਦੇ ਰਹੀ ਹੈ।

ਫੋਟੋ ਨੰ:2

Figure 3. Linear perspective. Parallel lines such as railway lines converge with increasing distance.

ਫੋਟੋ ਨੰ:3

11.4.1.4. ਸਾਫ ਅਤੇ ਸਪੱਸ਼ਟ (Clearness):- ਉਤੇਜਕ ਜਿਤਨਾ ਸਾਫ ਅਤੇ ਸਪਸ਼ਟ ਹੋਵੇਗਾ ,ਉਤਨਾ ਹੀ ਵੇਖਣ ਵਾਲੇ ਨੂੰ ਨੇੜੇ ਪ੍ਰਤੀਤ ਹੋਵੇਗਾ ।ਸਾਫ ਮੌਸਮ ਵਿਚ ਪਹਾੜ ਨੇੜੇ ਅਤੇ ਧੁੰਧਲੇ ਮੌਸਮ ਵਿਚ ਦੂਰ ਦਿਖਾਈ ਦਿੰਦੇ ਹਨ,ਕਿਉਕਿ ਪਹਾੜ ਦੀਆਂ ਬਰੀਕੀਆਂ ਨੂੰ ਮੱਧਮ ਕਰ ਦਿੰਦੀ ਹੈ ਅਤੇ ਅਸੀ ਕੇਵਲ ਮੋਟੇ ਤੋਰ ਤੇ ਹੀ ਪਹਾੜ ਨੂੰ ਵੇਖ ਸਕਦੇ ਹਾਂ। ਜਿਵੇਂ ਨੇੜੇ ਦੇ ਦਰੱਖਤ ਦਾ ਪੱਤਾ-ਪੱਤਾ ਵੀ ਸਾਨੂੰ ਸ਼ਪੱਸ਼ਟ ਪ੍ਰਤੀਤ ਹੁੰਦੇ ਹਨ।ਜਿਵੇਂ ਫੋਟੋ ਨੰ:4 ਵਿਚ ਜੰਗਲੀ ਗਾਂਵਾ ਦਾ ਝੁੰਢ ਤਸਵੀਰ ਖਿਚਣ ਵਾਲੇ ਵਿਅਕਤੀ ਵੱਲ ਆਉਂਦਾ ਹੋਇਆ ਦਿਖਾਈ ਦੇ ਰਿਹਾ ਹੈ।ਜਿਹੜੀਆਂ ਗਾਂਵਾਂ ਵਿਅਕਤੀ ਦੇ ਨੇੜੇ ਹਨ ਉਹ ਸਪੱਸ਼ਟ ਅਤੇ ਵੱਡੀਆ ਦਿਖਾਈ ਦੇ ਰਹੀਆਂ ਹਨ। ਜਿਵੇਂ ਜਿਵੇਂ ਦੂਰ ਦੀਆਂ ਗਾਂਵਾਂ ਅਸਪੱਸ਼ਟ ਅਤੇ ਛੋਟੀਆਂ ਦਿਖਾਈ ਦਿੰਦੀਆਂ ਹਨ।

ਫੋਟੋ ਨੰ:4

11.4.1.5 . ਢੱਕਿਆ ਹੋਇਆ ਭਾਗ (Inter position):- ਜਦੋ ਇਕ ਵਸਤੂ ਦੂਜੀ ਵਸਤੂ ਦੀ ਦ੍ਰਿਸ਼ਟੀ ਨੂੰ ਢੱਕ ਲੈਂਦੀ ਹੈ ਤਾਂ ਉਸ ਦੇ ਦਿਖਣ ਵਿਚ ਰੁਕਾਵਟ ਪੈਦਾ ਕਰਦੀ ਹੈ। ਭਾਵ ਜਿਵੇਂ ਉਤੇਜਕ ਇਕ ਲਾਈਨ ਵਿਚ ਹੁੰਦੇ ਹਨ ਤਾਂ ਨੇੜੇ ਵਾਲੇ ਉਤੇਜਕ ਦੂਰ ਵਾਲੇ ਦੇ ਕਾਫੀ ਭਾਗਾਂ ਨੂੰ ਢੱਕ ਲੈਂਦੇ ਹਨ। ਜਿਸ ਉਤੇਜਕ ਦੇ ਭਾਗ ਢੱਕੇ ਹੁੰਦੇ ਹਨ,ਉਹ ਦੂਰ ਹੁੰਦੇ ਹਨ ਅਤੇ ਜਿਸ ਦੇ ਭਾਗ ਸਾਹਮਣੇ ਹੁੰਦੇ ਹਨ ਉਹ ਨੇੜੇ ਹੁੰਦੇ ਹਨ ਜਿਵੇਂ-ਜਿਵੇਂ ਇਕ ਲਾਈਨ ਵਿਚ ਖੜੇ ਬੱਚਿਆਂ ਵਿਚੋਂ ਪਹਿਲੇ ਬੱਚੇ ਦੇ ਸਰੀਰ ਦਾ ਸਾਰਾ ਭਾਗ ਢੱਕਿਆ ਹੁੰਦਾ ਹੈ। ਇਸੇ ਤਰ੍ਹਾਂ ਜੇਕਰ ਕੁੱਝ ਪੋਦੇ ,ਕਿਸੇ ਮਕਾਨ ਦਾ ਕੁੱਝ ਭਾਗ ਢੱਕ ਦੇ ਹੋਣ ਤਾਂ ਪੋਦੇ ਨੇੜੇ ਅਤੇ ਮਕਾਨ ਦੂਰ ਨਜ਼ਰ ਆਵੇਗਾ।ਹੇਠਾ ਦਿੱਤੀ ਗਏ ਚਿੱਤਰ ਨੰ:5 ਵਿਚ ਵੱਖ-ਵੱਖ ਰੰਗਾ ਦੇ ਕੋਣ ਲਾਈਨਾਂ ਵਿਚ ਖੜੇ ਕੀਤੇ ਹੋਏ ਹਨ। ਅਗਲੇ ਕੋਣਾ ਨੇ ਪਿਛਲੇ ਕੋਨਾ ਨੂੰ ਢੱਕ ਲਿਆ ਹੈ ਜਿਸ ਕਰਕੇ ਅਗਲੇ ਕੋਣ ਸਾਫ ,ਵੱਡੇ ਅਤੇ ਨੇੜੇ ਦਿਖਾਈ ਦਿੰਦੇ ਹਨ ਜਦੋ ਕਿ ਪਿਛਲੇ ਬਰਾਬਰ ਦੇ ਹੀ ਕੋਣ ਹਨ ਪਰ ਦੇਖਣ ਵਿਚ ਉਹ ਢੱਕੇ ਹੋਏ ਛੋਟੇ ਅਤੇ ਦੂਰ ਦਿਖਾਈ ਦਿੰਦੇ ਹਨ। ਇਸੇ ਤਰ੍ਹਾਂ ਚਿੱਤਰ ਨੰ:6 ਵਿਚ ਦੋ ਸਰਕਲ ਇਕ ਦੂਜੇ ਵਿਚ ਬਣਾਏ ਹੋਏ ਹਨ। ਇਕ ਸਰਕਲ ਦਾ ਰੰਗ ਲਾਲ ਅਤੇ ਦੂਸਰੇ ਦਾ ਨੀਲਾ ਹੈ। ਨੀਲੇ ਰੰਗ ਦਾ ਸਰਕਲ ਲਾਲ ਰੰਗ ਦੇ ਸਰਕਲ ਦੇ ਉਪਰ ਲਗਦਾ ਹੈ ਕਿਉਕਿ ਨੀਲੇ ਰੰਗ ਦੇ ਸਰਕਲ ਨੇ ਲਾਲ ਰੰਗ ਦੇ ਸਰਕਲ ਨੂੰ ਢੱਕਿਆ ਹੋਇਆ ਹੈ ਜਿਸ ਕਰਕੇ ਉਹ ਨੇੜੇ ਵੀ ਦਿਖਾਈ ਦਿੰਦਾ ਹੈ ਜਦੋ ਕਿ ਲਾਲ ਰੰਗ ਦਾ ਸਰਕਲ ਅੱਧਾ ਦਿਖਾਈ ਦਿੰਦਾ ਹੈ।

ਫੋਟੋ ਨੰ:5



Figure 2. Interposition. The blue circle is reported to be closer since it overlaps the red circle.

ਫੋਟੋ ਨੰ:6

11.4.1.6. ਤੱਲ ਦਾ ਖੁਰਦਲਾ ਹੋਣਾ ਜਾਂ ਆਛਾਦਨ (Texture Gradient):- ਨੇੜੇ ਦੇ ਉਤੇਜਕਾਂ ਦੀ ਘਣਤਾ ਘੱਟ ਨਜ਼ਰ ਆਉਂਦੀ ਹੈ। ਪਰ ਦੂਰ ਦੇਖਣ ਤੇ ਇਹੀ ਘਣਤਾ ਵਧਦੀ ਨਜ਼ਰ ਆਉਂਦੀ ਹੈ। ਜਿਵੇਂ ਕਿਸੇ ਇੱਟਾਂ ਦੇ ਫਰਸ਼ ਤੇ ਖੜੇ ਹੋ ਕੇ ਦੇਖੋ ਤਾਂ ਨੇੜੇ ਵਾਲੇ ਦ੍ਰਿਸ਼ਟੀ ਖੇਤਰ ਵਿਚ ਫਰਸ਼ ਦੀ ਘਣਤਾ ਘੱਟ ਹੋਵੇਗੀ ਜਦੋ ਕਿ ਦੂਰ ਵਾਲੇ ਦ੍ਰਿਸ਼ਟੀ ਖੇਤਰ ਵਿਚ ਵਸਤੂਆਂ ਦੀ ਘਣਤਾ ਵਧਦੀ ਪ੍ਰਤੀਤ ਹੋਵੇਗੀ। Gibson (11150) ਨੇ Texture Gradient ਦੇ ਇਸ਼ਾਰੇ ਤੇ ਪ੍ਰਯੋਗ ਕਰਕੇ ਦੱਸਿਆ ਕਿ ਵਸਤੂ ਦੇ ਗਠਨ ਤੇ ਤੱਤਾਂ ਦਾ ਆਕਾਰ ਛੋਟਾ-ਛੋਟਾ ਹੁੰਦਾ ਹੈ ਤੇ ਕਾਫੀ ਘਨਾ (dense) ਹੁੰਦਾ ਹੈ, ਤਾਂ ਇਸ ਤੋਂ ਵਿਅਕਤੀ ਨੂੰ ਦੂਰੀ ਦਾ ਪ੍ਰਤੱਖੀਕਰਣ ਹੁੰਦਾ ਹੈ।ਪਰ ਜਦੋਂ ਸਾਰੇ ਤੱਤਾਂ ਦਾ ਆਕਾਰ ਇਕ ਸਮਾਨ ਹੁੰਦਾ ਹੈ ਅਤੇ ਉਹ ਘਨੇ ਨਾ ਹੋ ਕੇ ਫੈਲੇ ਹੁੰਦੇ ਹਨ ਤਾਂ ਇਸ ਨਾਲ ਵਸਤੂ ਦੇ ਤੱਤਾਂ ਵਿਚ ਆਪਸੀ ਦੂਰੀ ਦਾ ਪ੍ਰਤੱਖੀਕਰਣ ਵਿਅਕਤੀ ਨੂੰ ਨਹੀ ਹੁੰਦਾ । ਚਿੱਤਰ ਵਿਚ ਦੇਖਣ ਤੇ ਇਹ ਗੱਲ ਬਿਲਕੁੱਲ ਸਪਸ਼ਟ ਹੋ ਜਾਂਦੀ ਹੈ। ਚਿੱਤਰ ਨੰ: 7 A ਵਿਚ ਦੇਖਣ ਤੇ ਸਪਸ਼ਟ ਰੂਪ ਤੇ ਪਤਾ ਲੱਗਦਾ ਹੈ ਕਿ ਘਨੇ ਅਤੇ ਬਹੁਤ ਛੋਟੇ-ਛੋਟੇ ਕਣ ਵੱਧ ਦੂਰੀ ਤੇ ਪਏ ਵਿਖਾਈ ਦਿੰਦੇ ਹਨ। ਪਰ ਚਿੱਤਰ ਨੰ: 7 B ਵਿਚ ਸਾਰੇ ਕਣ ਜਾਂ ਤੱਤ ਘਨੇ ਨਾ ਹੋ ਕੇ ਫੈਲੇ ਹੋਏ ਹਨ ਅਤੇ ਆਕਾਰ ਵਿਚ ਵੀ ਲੱਗਭਗ ਇਕ ਸਮਾਨ ਹਨ। ਇਸ ਲਈ ਇਹਨਾਂ ਤੱਤਾਂ ਨੂੰ ਧਿਆਨ ਨਾਲ ਦੇਖਣ ਤੇ ਕਿਸੇ ਪ੍ਰਕਾਰ ਦੀ ਦੂਰੀ ਜਾਂ ਨੂਜ਼ਦੀਕੀ ਦਾ ਪ੍ਰਤੱਖੀਕਰਣ ਨਹੀ ਹੁੰਦਾ ਹੈ। ਕੁੱਝ ਮਨੋਵਿਗਿਆਨੀਆਂ ਨੇ ਇਸ ਨੂੰ Detail Perspective ਵੀ ਕਿਹਾ ਹੈ।ਜਿਵੇਂ ਕਿ ਹੇਠਾ ਦਿੱਤੀ ਹੋਈ ਫੋਟੋ ਨੰ:8 ਵਿਚ ਤੱਲ ਦਾ ਖੁਰਦਲਾ ਪਣ ਸਾਫ ਦਿਖਾਈ ਦਿੰਦਾ ਹੈ। ਜਿਵੇਂ ਕਿ ਜਿਹੜੇ ਫੁੱਲ ਨੇੜੇ ਹਨ ਉਹਨਾ ਦੀ ਘਣਤਾ ਖੁੱਲੀ-ਖੁੱਲੀ ਅਤੇ ਵੱਡੇ ਦਿਖਾਈ ਦਿੰਦੇ ਹਨ ਜਿਹੜੇ ਦੂਰ ਹਨ ਉਹਨਾਂ ਦੀ ਘਣਤਾ ਵੱਡੀ ਘਣੀ ਅਤੇ ਛੋਟੇ-ਛੋਟੇ ਦਿਖਾਈ ਦਿੰਦੇ ਹਨ।



ਫੋਟੋ ਨੰ:7

ਫੋਟੋ ਨੰ:8

11 .4 .1.7 . ਧੁੱਪ ਅਤੇ ਛਾਂ (Light and Shadow):- ਜੇਕਰ ਸਾਨੂੰ ਰੋਸ਼ਨੀ ਦੇ ਸੋਮੇ ਦੀ ਦਿਸ਼ਾ ਪਤਾ ਹੋਵੇ ਤਾਂ ਅਸੀ ਭੂਮੀ ਤਲ ਦੇ ਉਭਰੇ ਜਾਂ ਦੱਬੇ ਭਾਗ ਬਾਰੇ ਜਾਣ ਸਕਦੇ ਹਾਂ । ਜੇ ਪ੍ਰਛਾਵਾਂ ਸਾਡੇ ਨਜ਼ਦੀਕ ਵਾਲੇ ਪਾਸੇ ਹੈ ਤਾਂ ਅਸੀ ਭੂਮੀ ਨੂੰ ਉਭਰੀ ਹੋਈ ਵੇਖਦੇ ਹਾਂ । ਜੇਕਰ ਪ੍ਰਛਾਵਾਂ ਰੋਸ਼ਨੀ ਦੇ ਸੋਮੇ ਤੋ ਦੂਰ ਵਾਲੇ ਪਾਸੇ ਹੈ ਤਾ ਅਸੀ ਭੂਮੀ ਨੂੰ ਦਬੀ ਹੋਈ ਵੇਖਦੇ ਹਾਂ। ਰੋਸ਼ਨੀ ਅਤੇ ਪ੍ਰਛਾਂਈਆਂ ਦੀ ਮਦਦ ਨਾਲ ਵਸਤੂ ਦੀ ਦੂਰੀ ਬਾਰੇ ਜਾਣ ਸਕਦੇ ਹਾਂ। ਜਿਵੇਂ ਜੇ ਸੂਰਜ ਤੁਹਾਡੇ ਸਾਹਮਣੇ ਵਾਲੇ ਪਾਸੇ ਹੈ ਤਾਂ ਜਿਹੜੀ ਵਸਤੂ ਪਰਛਾਵੇ ਵਿਚ ਹੈ ਉਹ ਨੇੜੇ ਹੋਵੇਗੀ। ਅਤੇ ਜਿਹੜੀ ਰੋਸ਼ਨੀ ਵਿਚ ਹੈ ਉਹ ਦੂਰ ਹੋਵੇਗੀ ।ਜਿਵੇਂ ਚਿੱਤਰ ਨੰ:11 ਵਿਚ ਖੱਬੇ ਪਾਸੇ ਛੇ ਬਿੰਦੂ ਉਭਰੇ ਹੋਏ ਦਿਖਾਈ ਦਿੰਦੇ ਹਨ ਕਿਉਕਿ ਇਹ ਪ੍ਰਛਾਵਾਂ ਸਾਡੇ ਕੋਲ ਹੈ ਇਸ ਉਭਰੇ ਹੋਏ ਭਾਗ ਨੂੰ Convex Image ਵੀ ਕਹਾਂਗੇ।ਸੱਜੇ ਪਾਸੇ ਇਹ ਬਿੰਦ ਦੱਬੇ ਹੋਏ ਦਿਖਾਈ ਦੇ ਰਹੇ ਹਨ। ਇਸ ਦੱਬੇ ਹੋਏ ਭਾਗ ਨੂੰ Concave Image ਕਹਿੰਦੇ ਹਨ।



Figure 5. Highlights and shadows provide information about depth. The shadows indicate that the left hand image is convex, whereas the right hand image appears concave.

ਫੋਟੋ ਨੰ:11

11.4.1.8. ਵਾਯੂ ਸਬੰਧੀ ਜਾਂ ਪਵਨਰੂਪ ਸਰੂਪ (Aerial Perspective) :- ਪਵਨਰੂਪ ਸਰੂਪ ਦਾ ਸਬੰਧ ਵੀ ਰੋਸ਼ਨੀ ਜਾਂ ਪ੍ਰਕਾਸ਼ ਨਾਲ ਹੀ ਹੈ।ਹਵਾ ਵਿਚ ਰੋਸ਼ਨੀ ਜਿਵੇਂ ਜਿਵੇਂ ਅੱਗੇ ਨੂੰ ਵੱਧਦੀ ਹੈ ਉਸੇ ਤਰ੍ਹਾਂ ਵਾਯੂ ਵਿਚ ਨਮੀ (Moisture) ਦੇ ਕਾਰਨ ਰੋਸ਼ਨੀ ਵਿਚ ਧੁੰਦਲਾਪਣ ਭਾਵ ਫੈਲਾਉ (Scatteredness) ਵੱਧ ਜਾਂਦਾ ਹੈ ਇਸ ਦਾ ਅਰਥ ਇਹ ਹੁੰਦਾ ਹੈ ਕਿ ਵਾਯੂਮੰਡਲ ਵਿਚ ਸਥਿਤ ਦੂਰ ਦੀਆਂ ਪਹਾੜੀਆਂ ,ਘਰ, ਦੱਰਖਤ ਆਦਿ ਕਾਫੀ ਧੁੰਦਲੇ ਅਸਪੱਸ਼ਟ ਭਾਵ ਨਾਲ ਹੀ ਨਾਲ ਬੈਂਗਣੀ ਰੰਗ ਉਪਰ ਦਿਖਾਈ ਦਿੰਦੇ ਹਨ ਇਸ ਨੂੰ ਹੀ ਵਾਯੂ ਸਬੰਧੀ ਸਰੂਪ ਕਿਹਾ ਜਾਂਦਾ ਹੈ।ਵਾਤਾਵਰਨ ਵਿਚ ਜਿਹੜੀਆ ਵਸਤੂਆ ਭਾਵ ਪਹਾੜੀਆਂ ,ਘਰ ਅਤੇ ਦਰੱਖਤ ਵਿਅਕਤੀ ਦੇ ਨੇੜੇ ਹੁੰਦੇ ਹਨ ਉਹ ਨਾ ਤਾਂ ਧੁੰਦਲੇ ,ਅਸਪੱਸ਼ਟ ਅਤੇ ਨਾ ਹੀ ਬੈਂਗਣੀ ਰੰਗ ਤੇ ਹੀ ਦਿਖਾਈ ਦਿੰਦੇ ਹਨ ਅਤੇ ਵਸਤੂ ਦੀ ਅਸਪੱਸ਼ਟ ,ਧੁੰਦਲਾਪਣ ਆਦਿ ਜੋ ਪਵਨਰੂਪ ਸਰੂਪ ਦੇ ਸੰਕੇਤ ਵਿਚ ਸ਼ਾਮਿਲ ਹੁੰਦੇ ਹਨ, ਦੁਆਰਾ ਹੀ ਸਾਨੂੰ ਵਸਤੂਆਂ

ਦੀ ਦੂਰੀ ਦਾ ਪ੍ਰਤੱਖੀਕਰਣ ਹੁੰਦਾ ਹੈ । ਵਾਯੂ ਸਬੰਧੀ ਸਰੂਪ ਨੂੰ ਵਾਯੂਮੰਡਲ ਸਰੂਪ (Atmospheric Perspective) ਵੀ ਕਿਹਾ ਜਾਂਦਾ ਹੈ। ਜਿਵੇਂ ਕਿ ਚਿੱਤਰ ਨੰ:10 ਵਿਚ ਪਹਾੜੀਆਂ ਦਾ ਦ੍ਰਿਸ਼ ਦੇਖਣ ਨੂੰ ਮਿਲਦਾ ਹੈ ਜਿਸ ਵਿਚ ਵਾਯੂ ਸਬੰਧੀ ਸਰੂਪ (Aerial Perspective) ਜਾਂ ਵਾਯੂਮੰਡਲ ਸਰੂਪ (Atmospheric Perspective) ਸਾਫ ਤੋਰ ਤੇ ਦੇਖਣ ਨੂੰ ਮਿਲਦਾ ਹੈ ਜੇ ਧਿਆਨ ਨਾਲ ਦੇਖਿਆ ਜਾਵੇ ਜਿਹੜੀਆ ਪਹਾੜੀਆ ਤੇ ਧੁੰਦ ਪਈ ਹੋਈ ਹੈ ਉਹ ਸਾਨੂੰ ਦੂਰ , ਧੁੰਦਲੀ ਅਤੇ ਬੈਂਗਣੀ ਰੰਗ ਦੀਆਂ ਦਿਖਾਈ ਦਿੰਦੀਆਂ ਹਨ। ਅਤੇ ਜਿਹੜੀਆ ਪਹਾੜੀਆ ਤੇ ਰੋਸ਼ਣੀ ਪੈ ਰਹੀ ਹੈ ਉਹ ਨੇੜੇ ਅਤੇ ਵੱਡੀਆ ਅਤੇ ਸਪੱਸ਼ਟ ਦਿਖਾਈ ਦਿੰਦੀਆਂ ਹਨ।

ਫੋਟੋ ਨੰ:10

11 .4.1.9 . ਰੰਗਾਂ ਵਿਚ ਪਰਿਵਰਤਨ (Colour of Object):- ਜਿਵੇਂ-ਜਿਵੇਂ ਕੋਈ ਉਤੇਜਕ ਦੂਰ ਹੁੰਦਾ ਹੈ। ਉਸਦੇ ਰੰਗ ਵਿਚ ਪਰਿਵਰਤਨ ਆ ਜਾਂਦਾ ਹੈ।ਜਿਵੇਂ ਨੇੜੇ ਵਾਲੇ ਪਹਾੜ ਭੂਰੇ ਦਿਖਾਈ ਦਿੰਦੇ ਹਨ। ਜਦੋ ਕਿ ਦੂਰ ਵਾਲੇ ਪਹਾੜ ਨੀਲੇ ਦਿਖਾਈ ਦਿੰਦੇ ਹਨ ।ਜਿਵੇਂ ਕਿ ਹੇਠਾ ਦਿੱਤੀ ਹੋਈ ਫੋਟੋ ਨੰ:11ਵਿਚ ਦੇਖਣ ਨੂੰ ਮਿਲਦਾ ਹੈ ਕਿ ਨਜ਼ਦੀਕ ਵਾਲੀਆ ਪਹਾੜੀਆ ਭੂਰੇ ਰੰਗ ਦੀਆਂ ਦਿਖਾਈ ਦਿੰਦੀਆਂ ਹਨ। ਜਦੋ ਕਿ ਦੂਰ ਵਾਲੀਆ ਪਹਾੜੀਆਂ ਨੀਲੇ ਰੰਗ ਦੀਆ ਦਿਖਾਈ ਦਿੰਦੀਆਂ ਹਨ।

ਫੋਟੋ ਨੰ:11

11.4.1.10. ਉਚਾਈ ਸੰਕੇਤ (Height cue):- ਇਸ ਸੰਕੇਤ ਦੇ ਅਨੁਸਾਰ ਜਿਹੜੀ ਵਸਤੂ Horizon ਦੇ ਕੋਲ ਹੁੰਦੀ ਹੈ ਉਸ ਨੂੰ ਵਿਅਕਤੀ ਤੁਲਨਾਤਮਕ ਰੂਪ ਤੋ ਵੱਧ ਦੂਰੀ ਤੇ ਹੋਣ ਦਾ ਵੱਧ ਪ੍ਰਤੱਖੀਕਰਣ ਕਰਦਾ ਹੈ ਜਿਵੇਂ ਕਿ ਚਿੱਤਰ12 ਵਿਚ ਤਿਕੋਨ A ਅਤੇ

ਤਿਕੋਨ B ਤੋ ਵੱਧ ਦੂਰੀ ਤੇ ਅਨੁਭਵ ਹੁੰਦਾ ਹੈ ਕਿਉਕਿ ਤਿਕੋਨ B Horizon ਦੇ ਨੇੜੇ ਹੈ । ਉਸੇ ਤਰ੍ਹਾਂ ਤੋ ਬਦਲ A ਬਦਲ B ਤੋ ਵੱਧ ਨੇੜੇ ਪ੍ਰਤੀਤ ਹੁੰਦਾ ਹੈ ਕਿਉਕਿ ਬਦਲ B Horizonਤੋ ਨੇੜੇ ਹੈ । ਇਸ ਦਾ ਅਰਥ ਇਹ ਹੋਇਆ ਕਿ Horizon ਉਚੀ ਸੰਕੇਤ ਵਿਚ ਉਲਟ ਹੁੰਦਾ ਹੈ Horizon ਤੋ ਹੇਠਾਂ ਦੀ ਸਥਿਤੀ ਵਿਚ ਜਿਹੜੀਆਂ ਵਸਤੂਆਂ ਤਲ ਤੇ ਹੁੰਦੀਆਂ ਉਹ ਨੇੜੇ ਵਿਖਾਈ ਦਿੰਦੀਆਂ ਹਨ ਅਤੇ ਜਿਹੜੀਆਂ Horizon ਤੋ ਉਪਰ ਹੁੰਦੀਆਂ ਹਨ ਭਾਵ ਅਕਾਸ਼ ਵਿਚ ਹੋਣ ਉਹ ਦੂਰ ਦਿਖਾਈ ਦਿੰਦੀਆਂ ਹਨ।



ਫੋਟੋ ਨੰ:11

11.4.1.11. **ਗਤੀ ਬੋਧਤ ਗਹਿਰਾਈ ਸੰਕੇਤ (Kinetic Depth cue):-** ਇਸ ਸੰਕੇਤ ਦਾ ਸੰਬਧ ਵਸਤੂਆ ਜਾਂ ਉਤੇਜਕਾ ਦੀ ਗਤੀ ਦੇ ਨਾਲ ਹੈ ਨਾ ਕਿ ਇਹ ਸਬਜੈਕਟ ਦੀ ਗਤੀ ਦੇ ਨਾਲ । ਜਦੋ ਕੋਈ ਵਸਤੂ ਖੜੀ ਹੋਵੇ ਤਾਂ ਉਹ ਚਪਟੀ (flat) ਦਿਖਾਈ ਦਿੰਦੀ ਹੈ। ਪਰ ਜਦੋ ਉਸ ਵਿਚ ਗਤੀ ਪੈਦਾ ਹੋ ਜਾਦੀ ਹੈ ਤਾਂ ਉਸ ਵਿਚ ਡੂਘਾਈ ਅਤੇ ਦੂਰੀ ਪ੍ਰਤੀਤ ਹੁੰਦੀ ਹੈ ਇਸ ਮਤ ਦੀ ਪੁਸ਼ਟੀ ਕਈ ਅਧਿਐਨਾ ਵਿਚ ਕੀਤੀ ਗਈ ਹੈ ਜਿਸ ਵਿਚ ਇਕ ਮਹੱਤਵਪੂਰਨ ਅਧਿਐਨ ਵਾਲਕ ਅਤੇ ਉਕੋਨਲ (Wallach and Oconnall,11153) ਕੀਤਾ। ਇਸ ਅਧਿਐਨ ਵਿਚ ਸਬਜੈਕਟ ਨੂੰ ਕੁੱਝ ਠੋਸ ਬਲਾਕ ,ਤਾਰ ਨਾਲ ਬਣੀ ਹੋਈਆਂ ਕੁੱਝ ਸ਼ਕਲਾ ਅਤੇ ਇਕ ਸਿਧੀ ਸੋਟੀ ਦਿਖਾਈ ਗਈ । ਖੜੀ ਹੋਈ ਸਥਿਤੀ ਵਿਚ ਇਹ ਸਾਰੀ ਵਸਤੂਆਂ ਚਪਟੀਆਂ ਦਿਖਾਈ ਦਿੰਦੀਆਂ ਹਨ ਪਰ ਜਦੋਂ ਇਹਨਾਂ ਨੂੰ ਤੇਜੀ ਨਾਲ ਘੁਮਾ ਦੇ ਦਿਖਾਇਆ ਗਿਆ ਤਾਂ ਉਹ ਤਿੰਨਾਂ ਮਾਪਾ ਸਥਿਤੀ ਵਿਚ ਦਿਖੀਆਂ । ਬਾਅਦ ਵਿਚ Braunstein,1**1176** ਨੇ ਵੀ ਆਪਣੇ ਅਧਿਐਨ ਵਿਚ ਇਸ ਮੱਤ ਦੀ ਪੁਸਟੀ ਕੀਤੀ।

11.4.2.. ਦੋ ਨੇਤਰੀ ਸੰਕੇਤ (Binocular cues):- ਕੁਦਰਤ ਨੇ ਨਾ ਸਿਰਫ ਵਿਅਕਤੀ ਨੂੰ ਸਗੋ ਪੰਛੀਆਂ ਅਤੇ ਜਾਨਵਰਾਂ ਨੂੰ ਵੀ ਦੋ ਅੱਖਾ ਦੀ ਨੇਹਮਤ ਪ੍ਰਦਾਨ ਕੀਤੀ ਹੈ। ਵਿਅਕਤੀ ਦੀਆਂ ਦੋਨਾਂ ਅੱਖਾ ਦੇ ਵਿਚਕਾਰ ਲਗਭਗ ਢਾਈ ਇੰਚ ਦਾ ਫਾਸਲਾ ਹੈ। ਇਸ ਤਰ੍ਹਾਂ ਦੋਨਾਂ ਅੱਖਾ ਦੀ ਸਹਾਇਤ ਨਾਲ ਜਦੋ ਅਸੀ ਕਿਸੇ ਵਸਤੂ ਨੂੰ ਦੇਖਦੇ ਹਾਂ ਤਾਂ ਹਰ ਅੱਖ ਇਸ ਨੂੰ ਭਿੰਨ ਭਿੰਨ ਕੋਣ ਤੋ ਦੇਖਦੀ ਹੈ। ਭਾਵੇ ਹਰ ਅੱਖ ਵਿਚ ਭਿੰਨ ਭਿੰਨ ਪ੍ਰਤੀਬਿੰਬ ਪ੍ਰਾਪਤ ਹੁੰਦੇ ਹਨ।ਦੋਨਾਂ ਅੱਖਾ ਵਿਚ ਅਲੱਗ ਅਲੱਗ ਬਣਨ ਵਾਲੇ ਭਿੰਨ ਭਿੰਨ ਪ੍ਰਤੀਬਿੰਬਾ ਦਾ ਅਗਰ ਅਸੀ ਵਿਸ਼ਲੇਸ਼ਨ ਕਰੀਏ ਤਾਂ ਇਸ ਵਿਚ ਸਿਰਫ ਦੋ ਮਾਪਾ ਜਾਂ ਡਾਈਮੇਨਸ਼ਨਜ਼ ਭਾਵ ਲੰਬਾਈ ਅਤੇ ਚੋੜਾਈ ਦੇ ਡਾਈਮੇਨਸ਼ਨਜ਼ ਹੁੰਦੇ ਹਨ।ਇਸ ਵਿਚ ਦੂਰੀ ਅਤੇ ਡੂਘਾਈ ਦਾ ਤੀਸਰਾ ਡਾਈਮੇਨਸ਼ਨਜ਼ ਸ਼ਾਮਿਲ ਨਹੀ ਹੁੰਦਾ ਪਰ ਜਦੋ ਦੋਨੋ ਅੱਖਾਂ ਤੋ ਪ੍ਰਾਪਤ ਹੋਣ ਵਾਲੇ ਦੋਨੋ ਪ੍ਰਤੀਬਿੰਬ ਇਕੱਠੇ ਹੋ ਜਾਂਦੇ ਹਨ ਤਾਂ ਤੀਸਰਾ ਡਾਈਮੇਨਸ਼ਨਜ਼ ਭਾਵ ਦੂਰੀ ਅਤੇ ਡੂਘਾਈ ਦਾ ਡਾਈਮੇਨਸ਼ਨਜ਼ ਵੀ ਪ੍ਰਾਪਤ ਹੁੰਦਾ ਹੈ।ਸਰ ਚਾਰਲੇਸ ਅਤੇ ਵੀਟ ਸਟੋਨ (Sir charless and Wheat stone)ਨੇ ਆਪਣੀ ਬਣਾਈ ਹੋਈ ਸਟੀਰਕੋ ਸਕੋਪ (Sterco scope)ਦੇ ਦੁਆਰਾ ਆਪਣੀ ਪ੍ਰਯੋਗਸ਼ਾਲਾ ਵਿਚ ਦੂਰੀ ਅਤੇ ਡੂਘਾਈ ਦੇ ਪ੍ਰਤੱਖੀਕਰਣ ਦਾ ਅਨੁਭਵ ਕੀਤਾ ।ਇਹਨਾਂ ਸੰਕੇਤਾਂ ਨੂੰ ਸਰੀਰਕ ਸੰਕੇਤ (Physiological cues) ਵੀ ਕਿਹਾ ਜਾਂਦਾ ਹੈ।ਇਹ ਜੀਵ ਵਿਚ ਜਨਮ ਤੋ ਹੀ ਪੈਦਾ ਹੁੰਦੇ ਹਨ । ਇਹਨਾਂ ਨੂੰ ਅਨੁਭਵ ਦੇ ਦੁਆਰਾ ਪ੍ਰਾਪਤ ਨਹੀ ਕੀਤਾ ਜਾ ਸਕਦਾ । ਕੋਰਨ , ਪਰੋਕ ਅਤੇ ਵਾਰਡ (Coren,Porac and Ward,111811) ਦੇ ਅਨੁਸਾਰ ਦੋ ਨੇਤਰੀ ਸੰਕੇਤ ਹੇਠ ਦਿੱਤੇ ਹੋਏ ਹਨ:-

ਦੋ ਨੇਤਰੀ ਸੰਕੇਤ **Binocular Cues:-** ਇਹ ਉਹ Cues ਹਨ। ਜਿਨਾਂ ਵਿਚ ਦੋਨਾਂ ਅੱਖਾਂ ਦੀ ਵਰਤੋਂ ਹੁੰਦੀ ਹੈ।

11.4.2.1.ਸਮਾਯੋਜਨ (Accommodation):- ਇਸ ਸੰਕੇਤ ਨੂੰ ਕੁੱਝ ਮਨੋਵਿਗਿਆਨੀਆ ਨੇ ਇਕ ਨੇਤਰੀ ਸੰਕੇਤ ਜਿਸ ਵਿਚ ਗਤੀ ਸ਼ਾਮਿਲ ਨਹੀ ਹੁੰਦਾ ਹੈ ,ਦੀ ਵੀ ਸ਼੍ਰੇਣੀ ਵਿਚ ਰੱਖਿਆ ਹੈ।ਸਾਡੀ ਅੱਖ ਦੇ ਲੈਜ਼ ਵਿਚ ਛੋਟ ਅਤੇ ਵੱਡਾ ਹੋਣ ਦਾ ਗੁਣ ਹੁੰਦਾ ਹੈ ਦੂਜੇ ਸ਼ਬਦਾ ਵਿਚ ਅਸੀ ਕਹਿ ਸਕਦੇ ਹਾਂ ਕਿ ਲੈਜ਼ ਦੀ ਵਕਰਤਾ (Curvature)ਘੱਟ ਦੀ ਵੱਧਦੀ ਹੈ।ਜਦੋਂ ਵਿਅਕਤੀ ਨੇੜੇ ਦੀ

ਚੀਜ ਨੂੰ ਦੇਖਦਾ ਹੈ ਤਾਂ ਲੈਂਜ਼ ਛੋਟਾ ਹੋ ਜਾਂਦਾ ਹੈ।ਭਾਵ ਲੈਜ਼ ਦੀ ਵਕਰਤਾ ਜਾਂ ਮੋਟਾਈ ਵੱਧ ਜਾਂਦੀ ਹੈ।ਤਾਂ ਕਿ ਦੇਖੇ ਜਾ ਰਹੇ ਵਸਤੂ ਦਾ ਪ੍ਰਤੀਬਿੰਬ ਰੇਟੀਨਾ ਤੇ ਠੀਕ ਨਾਲ ਪੈ ਸਕੇ। ਦੂਜੀ ਤਰਫ ਜਦ ਵਿਅਕਤੀ ਦੂਰ ਦੀ ਚੀਜ ਜਾਂ ਵਸਤੂ ਨੂੰ ਦੇਖਦਾ ਹੈ ਤਾਂ ਲੈਜ਼ ਵੱਡਾ ਹੋ ਜਾਂਦਾ ਹੈ ਭਾਵ ਲੈਜ਼ ਦੀ ਮੋਟਾਈ ਘੱਟ ਹੋ ਜਾਦੀ ਹੈ ਜਿਸ ਨਾਲ ਲੈਜ਼ ਪਤਲਾ ਹੋ ਜਾਂਦਾ ਹੈ।ਅਤੇ ਦੂਰ ਦੀ ਵਸਤੂਆ ਦਾ ਪ੍ਰਤੀਬਿੰਬ ਰੇਟੀਨਾ ਤੇ ਠੀਕ ਫਾਸਲੇ ਨਾਲ ਪੈਂਦਾ ਹੈ।ਲੈਜ਼ ਦੇ ਆਕਾਰ ਵਿਚ ਕਮੀ ਦੀ ਵਸਤੂਆ ਦਾ ਪ੍ਰਤੀਬਿੰਬ ਠੀਕ ਢੰਗ ਨਾਲ ਪੈਂਦਾ ਹੈ।ਲੈਜ਼ ਦੇਆਕਾਰ ਵਿਚ ਕਮੀ ਦੀ ਇਹ ਪ੍ਰਕ੍ਰਿਆ ਵਿਸ਼ੇਸ਼ ਮਾਸ਼ਪੇਸ਼ੀਆ ਦੁਆਰਾ ਕੰਟਰੋਲ ਹੁੰਦਾ ਹੈ ਜਿਸ ਨੂੰ ਸਿਲਰੀ ਮਾਸਪੇਸ਼ੀ (Ciliary Muscles) ਕਿਹਾ ਜਾਂਦਾ ਹੈ ਭਾਵ ਇਸ ਪੂਰੀ ਪ੍ਰਕ੍ਰਿਆ ਨੂੰ ਸਮਾਯੋਜਨ ਦਾ ਨਾਂ ਦਿੱਤਾ ਗਿਆ ਹੈ। ਇਸ ਵਿਆਖਿਆ ਤੋ ਇਹ ਸਪੱਸ਼ਟ ਹੈ ਕਿ ਲੈਜ਼ ਵਿਚ ਜਿਆਦਾ ਵਕਰਤਾ ਹੋਣ ਨਾਲ ਕੋਈ ਵੀ ਵਸਤੂ ਵਿਅਕਤੀ ਨੂੰ ਨੇੜੇ ਦਿਖਾਈ ਦਿੰਦਾ ਹੈ ਭਾਵ ਲੈਜ਼ ਵਿਚ ਫੈਲਾਉ ਹੋਣ ਨਾਲ ਵਿਅਕਤੀ ਨੂੰ ਬਹੁਤ ਦੂਰੀ ਤੇ ਦਿਖਾਈ ਦਿੰਦਾ ਹੈ।ਕੁੱਝ ਮਨੋਵਿਗਿਆਨੀਆ ਨੇ ਸਮਾਯੋਜਨ ਨੂੰ ਇਕ ਨੇਤਰੀ ਸੰਕੇਤ ਮੰਨਿਆ ਹੈ।ਕਿਉਕਿ ਇਸ ਦਾ ਉਪਯੋਗ ਸਿਰਫ ਇਕ ਅੱਖ ਦੁਆਰਾ ਵੀ ਹੋ ਸਕਦਾ ਹੈ।ਪਰ ਇਸ ਨੂੰ ਦੋ ਨੇਤਰੀ ਸੰਕੇਤ ਕਹਿਣਾ ਹੀ ਸੰਭਵ ਹੈ ਕਿਉਂਕਿ ਜਦੋ ਸਮਾਯੋਜਨ ਦੋਨਾ ਅੱਖਾਂ ਦੁਆਰਾ ਹੁੰਦਾ ਹੈ ਤਾਂ ਇਹ ਬਹੁਤ ਜਿਆਦਾ ਠੀਕ ਹੁੰਦਾ ਹੈ ਅਤੇ ਸਾਨੂੰ ਦੂਰੀ ਦਾ ਪ੍ਰਤੱਖੀਕਰਣ ਵੀ ਸਪੱਸ਼ਟ ਰੂਪ ਵਿਚ ਹੁੰਦਾ ਹੈ।

ਗਰਾਹਮ(Graham,11165) ਨੇ ਪ੍ਰਯੋਗ ਕਰਕੇ ਇਹ ਦਿਖਲਾਇਆ ਹੈ ਕਿ ਸਮਾਯੋਜਨ ਸੰਕੇਤ ਦੂਰੀ ਅਤੇ ਡੂੰਘਾਈ ਦੇ ਪ੍ਰਤੱਖੀਕਰਣ ਦੇ ਲਈ ਕੋਈ ਮਹੱਤਵਪੂਰਨ ਸੰਕੇਤ ਨਹੀ ।ਇਹਨਾਂ ਨੇ ਇਹ ਸਪੱਸ਼ਟ ਰੂਪ ਵਿਚ ਦਿਖਾ ਦਿੱਤਾ ਹੈ ਕਿ ਲੈਜ਼ ਵਿਚ ਸਮਾਯੋਜਨ ਇਕ Limited range ਭਾਵ **20-300** ਸੈਨਟੀ ਮੀਟਰ ਦੇ ਵਿਚਕਾਰ ਹੀ ਹੁੰਦਾ ਹੈ।

ਇਸ ਸੰਕੇਤ ਦੁਆਰਾ ਸਾਨੂੰ ਦੂਰੀ ਜਾਂ ਡੂਘਾਈ ਦਾ ਪ੍ਰਤੱਖੀਕਰਣ **20-300** ਸੈਨਟੀ ਮੀਟਰ ਦੀ ਸੀਮਾਂ ਦੇ ਵਿਚ ਹੀ ਹੋ ਸਕਦਾ ਹੈ।

11.4.2.2. ਅੰਦਰ ਨੂੰ ਮੁੜਨਾ Convergence and Divergence :- ਜਦੋਂ ਕੋਈ ਵਸਤੂ ਨੱਕ ਦੇ Shape ਦੇ ਨੇੜੇ ਆਉਂਦੀ ਹੈ,ਤਾਂ Eye Balls ਨੱਕ ਦੇ ਕੇਂਦਰ ਵੱਲ Conuerage (ਅੰਦਰ ਨੂੰ ਮੁੜਣਾ) ਕਰਕੇ ਹਨ। ਪਰ ਜਿਵੇਂ ਜਿਵੇਂ ਵਸਤੂ ਦੂਰ ਜਾਂਦੀ ਹੈ Eye ball ਨੱਕ ਤੋ Diverge ਕਰਦੇ ਹਨ।ਜਿੰਨੀ ਜਿਆਦਾ Convergence ਹੁੰਦੀ ਹੈ ਉਨੀ ਹੀ ਵਸਤੂ ਨੇੜੇ ਹੁੰਦੀ ਹੈ ਅਤੇ ਦੂਸਰੇ ਪਾਸੇ ਜਿੰਨੀ ਜਿਆਦਾ Divergence ਹੁੰਦੀ ਹੈ। ਉਨੀ ਹੀ ਵਸਤੂ ਦੂਰ ਹੁੰਦੀ ਹੈ।

11.4.2.3. Retinal Disparity:- ਜਦੋ ਅਸੀ ਕਿਸੇ ਵਸਤੂ ਨੂੰ ਦੋ ਅੱਖਾਂ ਨਾਲ ਵੇਖਦੇ ਹਾਂ ਤਾਂ ਉਹ ਇਕ ਹੀ ਦਿਖਾਈ ਦਿੰਦੀ ਹੈ ਭਾਵ ਅਸੀ ਇਕ ਹੀ ਵਸਤੂ ਵੇਖਦੇ ਹਾਂ ਜਿਵੇਂ ਜਦੋ ਅਸੀ ਕਿਸੇ ਵਸਤੂ ਨੂੰ ਦੇਖਦੇ ਹਾਂ ਤਾਂ ਉਸ ਵਸਤੂ ਦਾ ਪ੍ਰਤੀਬਿੰਬ ਸਾਡੀਆ ਅੱਖਾਂ ਦੇ Retina ਤੇ ਬਣਦਾ ਹੈ ਅਤੇ ਜਦੋਂ ਦਿਮਾਗ ਕੋਲ ਉਹ ਸ਼ਕਲ ਜਾਦੀ ਹੈ ਤਾਂ ਇਕ ਵਸਤੂ ਦੀ ਸ਼ਕਲ ਵਿਚ ਜਾਂਦੀ ਹੈ। ਇਹਨਾਂ Points ਨੂੰ Retinal Corrisponding Points ਦੇ ਤੌਰ ਤੇ ਮੰਨੀਆਂ ਜਾਂਦਾ ਹੈ। ਇਸ ਹਿਸੇ ਤੇ ਜਦੋ ਇਹ ਸ਼ਕਲ ਬਣਦੀ ਹੈ ਤਾਂ ਇਸ ਨੂੰ Horopter ਕਹਿੰਦੇ ਹਨ। ਜਦੋ Horopter ਦੇ ਬਾਹਰ ਵਾਲੇ ਬਿੰਦੂ Retinal area ਤੇ ਗਿਰਦੇ ਹਨ ਤਾਂ ਮਾਮੂਲੀ ਜਿਹਾ ਭਿੰਨ ਫਰਕ ਪੈ ਜਾਂਦਾ ਹੈ ਇਹੀ Retinal disparity ਦੀ ਤਰਫ ਲੈ ਕੇ ਜਾਂਦਾ ਹੈ। ਇਹ Retinal disparity ਉਦੋ ਪੈਦਾ ਹੁੰਦੀ ਹੈ ਜਦੋ ਦੂਸਰੀ ਅੱਖ ਆਪਣੇ ਪ੍ਰਤੀਬਿੰਬ ਨੂੰ Visual space ਦੇ ਹਿਸੇ ਵਿਚ ਛੱਡਦੀ ਹੈ ਜਿਸ ਨੂੰ ਅਸੀ ਇਕ ਹੀ ਵਸਤੂ ਅਨੁਭਵ ਕਰਦੇ ਹਾਂ ਇਸ Single vision ਨੂੰ 'Panum's fusional area' ਵੀ ਕਹਿੰਦੇ ਹਨ। ਵਸਤੂ ਦੇ ਨਾਲ ਉਸ ਹਿਸੇ ਦੇ ਅੱਗੇ ਅਤੇ ਪਿਛੇ Physiological Diplopia ਹੁੰਦਾ ਹੈ । ਭਾਵ double vision ਹੁੰਦਾ ਹੈ। ਸਾਡਾ Visual System ਇਸ Diplopia ਨੂੰ ਦਵਾਉਂਦਾ ਹੈ ਅਸੀ ਆਮ ਸਥਿਤੀ ਦੋ ਸ਼ਕਲਾ ਦੇਖਣ ਦੀ ਥਾਂ ਇਕ ਹੀ ਦੇਖਦੇ ਹਾਂ।Horopter and Panumis fusional space ਦੇ ਬਾਰੇ ਸਮਝਣ ਲਈ ਦੋ ਤਰ੍ਹਾ ਦੀਆਂ ਦਿਸ਼ਾਵਾਂ ਸਾਹਮਣੇ ਆਉਂਦੀਆਂ ਹਨ।

(1) Oculocentric visual direction
(2) Egocentric visual direction

(1) Oculo centric visual direction:-ਕਿਸੇ ਵਸਤੂ ਦੀ ਇਹ ਦ੍ਰਿਸ਼ਟੀ ਵਾਲੀ ਦਿਸ਼ਾ ਨੂੰ ਇਕ ਸਿਧੀ ਲਾਈਨ ਪ੍ਰਗਟ ਕਰਦੀ ਹੈ ਜਿਹੜੀ ਕਿ ਵਸਤੂ ਅਤੇ fovea ਨੂੰ ਆਪਸ ਵਿਚ ਸਿਧੀ ਮਿਲਾਉਂਦੀ ਹੈ। ਇਸ ਨੂੰ 'Principal visual direction ਜਾਂ Visual Axis' ਕਹਿੰਦੇ ਹਨ।Retina ਦੇ ਹਰ ਬਿੰਦੂ ਨੂੰ ਉਸ ਦੀ ਆਪਣੀ ਹੀ ਦਿਸ਼ਾ ਨਾਲ ਮੰਨਿਆ ਜਾਂਦਾ ਹੈ। ਜਿਵੇ ਜਦੋਂ ਅਸੀਂ ਕਿਸੇ ਚੀਜ਼ ਨੂੰ ਦੇਖਦੇ ਹਾਂ ਤਾਂ ਉਹ ਚੀਜ Fovia ਤੇ ਬਣਦੀ ਹੈ। ਦੂਜੀਆਂ ਚੀਜ਼ਾਂ ਦੀ Image Fovia ਤੋ ਉਪਰ ਹੋਵੇ ਤਾਂ ਉਹ ਹੇਠਾ ਦਿਖਾਈ ਦਿੰਦੀਆਂ ਹਨ ਅਤੇ ਜਿਸ ਦੀ Image ਹੇਠਾਂ ਹੋਵੇ ਉਹ Fovia ਤੋ ਉਪਰ ਦਿਖਾਈ ਦਿੰਦੀ ਹੈ। ਇਸ ਤੋ ਇਹ ਭਾਵ ਹੈ ਕਿ ਕਿਸੇ ਵੀ ਚੀਜ ਦੀ Image ਅੱਖ ਦੇ ਲੈਜ਼ ਦੇ ਵਿਚ ਨੂੰ ਹੁੰਦੀ ਹੋਈ ਸਿੱਧੀ Retina ਉਪਰ ਪੈਂਦੀ ਹੈ ਨਾ ਕਿ ਸਿਧੀ Fovia ਉੱਤੇ।



ਫੋਟੋ ਨੰ:13

(2) Egocentric visual direction :- Egocentric visual direction ਤੋਂ ਭਾਵ ਜਿਸ ਪਾਸੇ ਨੂੰ ਵਿਅਕਤੀ ਖੜ੍ਹਾ ਹੋਵੇਗਾ ਉਸ ਪਾਸੇ ਨੂੰ ਚੀਜ਼ ਦੀ Image ਅੱਖ ਵਿਚ ਨੂੰ ਜਾਵੇਗੀ ਨਾ ਕਿ ਕੱਲੀ ਅੱਖ ਦੇ ਕਾਰਨ Egocentric direction ਨੂੰ Retinal Position ਅਤੇ ਅੱਖ ਦੀ Propricentive information ਸਿਰ ਅਤੇ ਸਰੀਰ ਦੀ Position ਅਤੇ ਚੀਜ਼ ਇਹ ਸਾਰੀਆ ਗੱਲਾਂ Egocentric direction ਨੂੰ ਪ੍ਰਭਾਵਿਤ ਕਰਦੀਆ ਹਨ ਜਦੋ ਕਿ Oculocentric direction ਵਿਚ ਚੀਜ ਦੀ ਸਿੱਧੀ Image ਅੱਖ ਦੇ ਉਤੇ ਹੀ ਅਸਰ ਕਰਦੀ ਹੈ । ਪਰ ਇਸ ਵਿਚ ਚੀਜ ਦੀ ਗਤੀ ਜਾਂ ਅੱਖ ਜਾਂ ਸਿਰ ਦੀ ਹਰਕਤ ਦਾ Retinal Position ਤੇ ਅਸਰ ਪਾਉਂਦੀ ਹੈ। ਜਿਵੇਂ ਕਿ Figure No.14(A)ਵਿਚ Fovia ਤ ਬਣਨ ਵਾਲੀ ਚੀਜ਼ ਦੀ Image ਵਿਅਕਤੀ ਦੇ ਸਿਰ ਅਤੇ ਸਰੀਰ ਦੇ ਅਨੁਸਾਰ Fovia ਤੇ ਬਣਦੀ ਹੈ। ਜਦੋ ਅੱਖ ਗਤੀ ਕਰਦੀ ਹੈ ਤਾਂ ਉਸ ਚੀਜ਼ ਦੀ Image ਵੀ Retinaਉਪਰ ਅਲੱਗ Position ਬਣਾਉਦੀ ਹੈ। ਇਸ ਕਰਕੇ Oculocentric direction ਬਦਲਦੀ ਹੈ ।ਪਰ Egocentric direction ਨਹੀ ਬਦਲਦੀ ਵਸਤੂ ਦੇ ਇਕ ਜਗਾ ਖੜੇ ਰਹਿਣ ਨਾਲ ਦੂਸਰੀ ਉਦਾਹਰਨ ਵਿਚ ਜਿਹੜੀ ਕਿ ਚਿੱਤਰ ਨੰ:14 (B) ਵਿਚ ਦਰਸਾਈ ਗਈ ਹੈ। ਜਦੋ ਅੱਖ ਚਲਦੀ ਹੋਈ ਚੀਜ਼ ਨੂੰ ਟਰੇਕ ਕਰਦੀ ਹੈ। ਤਾਂ ਚੀਜ ਦੀ Image ਹਰ ਸਮੇਂ Fovia ਤੇ ਬਣਦੀ ਹੈ। ਜਿਹੜੀ ਕਿ Oculocentric direction ਉਸੇ ਤਰ੍ਹਾਂ ਰਹਿੰਦੀ ਹੈ ਪਰ Egocentric direction ਬਦਲ ਰਹੀ ਹੁੰਦੀ ਹੈ।



ਫੋਟੋ ਨੰ:14

Bionocular ਦ੍ਰਿਸ਼ਟੀ ਵਿਚ Corresponding retinal point,Principal visual direction ਨੂੰ ਦਰਸਾਉਂਦੇ ਹਨ। Corresponding retinal point ਉਹ Point ਹਨ ਜਿਹੜੇ ਕਿ Retina ਉਤੇ Stimulate ਹੁੰਦੇ ਹਨ ਜਿਹੜੇ ਕਿ ਇਕ ਜੈਸੀ ਦ੍ਰਿਸ਼ਟੀ ਦਿਸ਼ਾ ਦਿੰਦੇ ਹਨ । ਜਦੋ ਚੀਜ਼ਾਂ Non corresponding point ਤੇ Stimulate ਕਰਦੀਆ ਹਨ ਤਾਂ ਇਹ ਭਿੰਨ ਭਿੰਨ ਦ੍ਰਿਸ਼ਟੀ ਦਿਸ਼ਾ ਨੂੰ ਦਿੰਦੇ ਹਨ ਇਹਨਾਂ Retinal Points ਨੂੰ Disparate points ਵੀ ਕਹਿੰਦੇ ਹਨ। ਇਸ ਤਰ੍ਹਾਂ Corresponding Points same Principal visual direction ਰੱਖਦੇ ਹਨ ਅਤੇ Non Corresponding Point different visual direction ਰੱਖਦੇ ਹਨ।



ਫੋਟੋ ਨੰ:15

ਜਿਵੇਂ ਅਸੀ ਦੁਨੀਆਂ ਨੂੰ Single ਹੀ ਦੇਖਦੇ ਹਾਂ ਅਤੇ ਡਬਲ ਨਹੀ ਵੇਖਦੇ ਕਿਉਂਕਿ Bionocular vision ਨੂੰ Single eye ਹੀ re-present ਕਰਦੀ ਹੈ ਇਸ ਨੂੰ cyclopean eye ਕਹਿੰਦੇ ਹਨ। ਇਹ eye ਦੋਨਾਂ ਅੱਖਾਂ ਦੇ ਦਰਮਿਆਨ Imaginary eye ਹੁੰਦੀ ਹੈ।



ਫੋਟੋ ਨੰ:16

Disparate Points ,Physiological diplopia ਨੂੰ ਵਧਾਉਂਦੀ ਹੈ ਭਾਵ Disparate Points double vision ਪੈਦਾ ਕਰਦੇ ਹਨ ਜਿਵੇਂ ਚਿੱਤਰ ਨੂੰ ਫੋਟੋ ਨੰ: 17 ਵਿਚ ਦਿਖਾਇਆ ਗਿਆ ਹੈ ਕਿ Points A Stimulats disparate Points.

:



ਫੋਟੋ ਨੰ:17

ਜਦੋ ਕੋਈ ਵਸਤੂ ਸਾਡੇ ਸਾਹਮਣੇ ਆਉਂਦੀ ਹੈ ਤਾਂ ਉਸ ਦੀ ਪ੍ਰਤੀਬਿੰਬ ਦੋਨਾਂ ਅੱਖਾਂ ਵਿਚ ਬਣਦਾ ਹੈ ਪਰ ਇਹਨਾਂ ਦੋਨਾਂ ਪ੍ਰਤੀਬਿਬਾਂ ਵਿਚ ਅੰਤਰ ਹੁੰਦਾ ਹੈ। ਉਦਾਹਰਣ ਦੇ ਤੋਰ ਤੇ ਆਪਣੇ ਇਕ ਹੱਥ ਨੂੰ ਨੱਕ ਦੀ ਸੇਧ ਤੇ ਇਕ ਬਾਂਹ ਦੀ ਦੂਰੀ ਤੇ ਰੱਖੋ ,ਅਤੇ ਸੱਜੀ ਅੱਖ ਬੰਦ ਕਰਕੇ ਖੱਬੀ ਅੱਖ ਨਾਲ ਵੇਖੋ ,ਤਾਂ ਤੁਹਾਨੂੰ ਹੱਥ ਦਾ ਖੱਬਾ ਭਾਗ ਸੱਜੇ ਭਾਗ ਨਾਲੋ ਜਿਆਦਾ ਸਪੱਸ਼ਟ ਦਿਖਾਈ ਦੇਵੇਗਾ। ਜਦੋ ਖੱਬੀ ਅੱਖ ਬੰਦ ਕਰਕੇ ਸੱਜੀ ਅੱਖ ਨਾਲ ਦੇਖੋਗੇ ,ਤਾਂ ਸੱਜਾ ਭਾਗ ਜਿਆਦਾ ਸਪੱਸ਼ਟ ਦਿਖਾਈ ਦੇਵੇਗਾ।

11 .4.2 .4. ਡਬਲ ਪ੍ਰਤੀਬਿੰਬ (Double Image):- ਜਦੋ ਆਪਣੀਆਂ ਅੱਖਾਂ ਨੂੰ ਕਿਸੇ ਇਕ ਉਤੇਜਕ ਤੇ ਕੇਂਦਰਿਤ ਕਰਦੇ ਹਾਂ, ,ਤਾਂ ਉਸ ਤੋ ਪਿੱਛੇ ਵਾਲੇ ਉਤੇਜਕ ਦਾ ਪ੍ਰਤੀਬਿੰਬ ਡਬਲ ਹੋ ਜਾਂਦਾ ਹੈ ਜਿੰਨਾਂ ਦੇ ਪ੍ਰਤੀਬਿੰਬ Double ਨਜ਼ਰ ਆਉਂਦੇ ਹਨ। ਉਹ ਦੂਰ ਹੁੰਦੇ ਹਨ,ਅਤੇ ਜਿੰਨਾਂ ਦੇ ਪ੍ਰਤੀਬਿੰਬ ਇਕ ਨਜ਼ਰ ਆਉਂਦੇ ਹਨ। ਉਹ ਨੇੜੇ ਹੁੰਦੇ ਹਨ।



ਫੋਟੋ ਨੰ:18

11. 5. ਸਿੱਟਾ:-

ਉਪਰ ਦਿੱਤੇ ਹੋਏ ਸਪੇਸ ਪ੍ਰਤੱਖੀਕਰਣ ਨੂੰ ਪੜਨ ਤੋ ਬਾਅਦ ਇਹ ਪਤਾ ਲਗਦਾ ਹੈ ਕਿ ਜਦੋ ਵਿਅਕਤੀ ਤਿੰਨ ਡਾਈਮੇਨਸ਼ਨਜ਼ ਨਾਲ ਕਿਸੇ ਵਸਤੂ ਨੂੰ ਵੇਖਦਾ ਹੈ ਤਾਂ ਉਸ ਵਿਚ ਲੰਬਾਈ,ਚੌੜਾਈ ਅਤੇ ਡੂੰਘਾਈ ਦਿਖਾਈ ਦਿੰਦੀ ਹੈ। ਜਿਸ ਨਾਲ ਵਸਤੂ ਦੀ ਦੂਰੀ ਅਤੇ ਡੂੰਘਾਈ ਦਾ ਚੰਗੀ ਤਰ੍ਹਾਂ ਨਾਲ ਅਨੁਭਵ ਹੁੰਦਾ ਹੈ। ਅੱਜ ਜੋ ਅਸੀ ਟੇਲੀਵੀਜ਼ਨ , ਮੋਬਾਈਲ ਅਤੇ ਕੰਮਪੀਊਟਰ ਉੱਤੇ ਤਸਵੀਰਾਂ ਨੂੰ ਜਾਂ ਫੋਟੋਆਂ ਨੂੰ ਜਾਂ ਮੂਵੀ ਨੂੰ ਦੇਖਦੇ ਹਾਂ ਉਹ ਸਪੇਸ ਪ੍ਰਤੱਖੀਕਰਣ ਦੇ ਕਾਰਣ ਹੀ ਦਿਖਦੀਆਂ ਹਨ। ਸਪੇਸ ਪ੍ਰਤੱਖੀਕਰਣ ਵਿਚ ਸਿਰਫ ਦ੍ਰਿਸ਼ਟੀ ਸੰਵੇਦਨਾਂ ਦੁਆਰਾ ਹੀ ਸਪੇਸ ਪ੍ਰਤੱਖੀਕਰਣ ਨਹੀ ਹੁੰਦਾ ਸਗੋਂ ਸੁਣਨ ਦੀ ਸੰਵੇਦਨਾਂ ਦੇ ਦੁਆਰਾ ਹੀ ਅਸੀ ਸਪੇਸ ਪ੍ਰਤੱਖੀਕਰਣ ਵੀ ਅਨੁਭਵ ਕਰ ਸਕਦੇ ਹਾਂ। ਪਰ ਇਸ ਪਾਠ ਵਿਚ ਦ੍ਰਿਸ਼ਟੀ ਦੁਆਰਾ ਸਪੇਸ ਪ੍ਰਤੱਖੀਕਰਣ ਨੂੰ ਵਿਸਥਾਰ ਨਾਲ ਲਿਖਿਆ ਗਿਆ ਹੈ। ਅਤੇ ਇਸ ਵਿਚ ਤਿੰਨ ਤਰ੍ਹਾਂ ਦੇ ਸੰਕੇਤਾ ਦੁਆਰਾ ਵਸਤੂਆਂ ਦਾ ਸਪੇਸ ਪ੍ਰਤੱਖੀਕਰਣ ਵਰਣਨ ਕੀਤਾ ਗਿਆ ਹੈ । ਇਕ ਨੇਤਰੀ ਸੰਕੇਤ ਦੁਆਰਾ ਭਾਵ ਇਕ ਇਕ ਅੱਖ ਦੁਆਰਾ ਜਦੋ ਅਸੀ ਵਸਤੂ ਨੂੰ ਦੇਖਦੇ ਹਾਂ ਤਾਂ ਵਸਤੂ ਦਾ ਸਪੇਸ ਪ੍ਰਤੱਖੀਕਰਣ ਕਿਸ ਤਰ੍ਹਾਂ ਦਾ ਹੁੰਦਾ ਹੈ ਅਤੇ ਜਿਵੇਂ ਹੁੰਦਾ ਹੈ ਅਤੇ ਇਹ ਸਭ ਕੁੱਝ ਦਰਸਾਇਆ ਗਿਆ ਹੈ। ਇਸੇ ਤਰ੍ਹਾਂ ਦੋ ਨੇਤਰੀ ਸੰਕੇਤਾਂ ਨੂੰ ਵੀ ਇਸ ਵਿਚ ਵਰਣਨ ਕੀਤਾ ਗਿਆ ਹੈ। ਅਤੇ ਉਹਨਾਂ ਦੂਸਰੇ ਸੰਕੇਤਾਂ ਦਾ ਵੀ ਵਿਸ਼ਲੈਸ਼ਨ ਕੀਤਾ ਹੈ। ਜਿਹੜੇ ਕੀ ਚੀਜ ਦੀ ਸਪੇਸ ਪ੍ਰਤੱਖੀਕਰਣ ਨੂੰ ਵੇਖਣ ਵਿਚ ਆਪਣਾ ਰੋਲ ਅਦਾ ਕਰਦੇ ਹਨ।

ਪ੍ਰਸ਼ਨ ਨੰ:1. ਸਪੇਸ ਪ੍ਰਤੱਖੀਕਰਣ ਤੋ ਕੀ ਭਾਵ ਹੈ ? ਇੱਕ ਨੇਤਰੀ ਸੰਕੇਤ ਨੂੰ ਵੀ ਵਰਣਨ ਕਰੋ?

ਪ੍ਰਸ਼ਨ ਨੰ:2. ਪ੍ਰਤੱਖਕਰਣ ਦੀਆਂ ਕਿਸਮਾਂ ਕਿਹੜੀਆਂ ਕਿਹੜੀਆਂ ਹਨ ? ਸਪੇਸ ਪ੍ਰਤੱਖੀਕਰਣ ਨੂੰ ਪ੍ਰਭਾਵਿਤ ਕਰਨ ਵਾਲੇ ਦੋ ਨੇਤਰੀ ਸੰਕੇਤਾ ਬਾਰੇ ਵਰਣਨ ਕਰੋ?

----

11. 6. ਹਵਾਲੇ :-

1. Introduction to Psychology by Hilgard ,Atkinson and Atkinson.
2. Experimental Psychology by Woodworth and Schlosberg.
3.Introduction to Psychology by Mohanty.
4.Experimental Psychology by Babu Ram Chuhan.
5. Modern General Psychology by Arun Kumar Singh &Ashish Kumar Singh

ਅਭਿਆਸ ਲਈ ਪ੍ਰਸ਼ਨ

1. ਪ੍ਰਤੱਖੀਕਰਣ ਕਿਸਨੂੰ ਕਹਿੰਦੇ ਹਨ? ਪ੍ਰਤੱਖੀਕਰਣ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਦੀ ਵਿਆਖਿਆ ਕਰੋ।
2. ਸਪੇਸ ਪ੍ਰਤੱਖੀਕਰਣ ਦੇ ਨਿਯਮਾਂ ਦਾ ਵਰਨਣ ਕਰੋ।
3. ਪੁਲਾੜ ਜਾਂ ਖਲਾਅ ਦਾ ਪ੍ਰਤੱਖੀਕਰਣ ਤੋਂ ਕੀ ਭਾਵ ਹੈ? ਇਸ ਦਾ ਵਿਸਤਾਰ ਵਿਚ ਵਰਨਣ ਕਰੋ।
4. ਆਕਾਰ ਪ੍ਰਤੱਖੀਕਰਣ ਦੇ ਨਿਰਧਾਰਕ ਨਿਯਮਾਂ ਦਾ ਵਰਨਣ ਕਰੋ।
5. ਹੇਠ ਲਿਖਿਆਂ ਤੇ ਸੰਖੇਪ ਨੋਟ ਲਿਖੋ :
   (ੳ) ਪ੍ਰਤੱਖੀਕਰਣ ਦੇ ਨਿਯਮ
   (ਅ) ਦੋ ਨੇਤਰੀ-ਕਾਰਕ
   (ੲ) ਭੁਲੇਖਿਆਂ ਦੇ ਕਾਰਨ
   (ਸ) ਆਕਾਰ ਪ੍ਰਤੱਖੀਕਰਨ
   (ਹ) ਪ੍ਰਤੱਖੀਕਰਣ ਸਥਿਰਤਾ

ਥਿੰਕਿੰਗ (Thinking)

ਇਹ ਇਕ ਦਿਮਾਗੀ ਕਿਰਿਆ ਹੈ ਜੋ ਕਿ ਆਸ ਪਾਸ ਦੇ ਵਾਤਾਵਰਣ ਨੂੰ ਸਮਝਣ ਤੇ ਜਾਣਕਾਰੀ ਨੂੰ ਦੂਸਰਿਆਂ ਤੱਕ ਪਹੁੰਚਾਉਂਣ ਦਾ ਕੰਮ ਕਰਦੀ ਹੈ। ਸੋਚ ਵਿਚ ਸਭ ਤੋਂ ਵੱਧ ਦਿਮਾਗੀ ਤਸਵੀਰਾਂ ਦਾ ਇਸਤੇਮਾਲ ਹੁੰਦਾ ਹੈ।ਜਾਗਦੇ ਵਕਤ ਸਭ ਤੋਂ ਵੱਧ ਸਮਾਂ ਸੋਚਣ ਵਿਚ ਹੀ ਬਤੀਤ ਹੁੰਦਾ ਹੈ। ਸੋਚ ਜਾਣਕਾਰੀ ਨੂੰ ਗਹਿਰਾਈ ਤੋਂ ਸੋਧ ਕੇ ਪੇਸ਼ ਕਰਦੀ ਹੈ। ਇਸ ਦੁਆਰਾ ਸੰਕਲਪ (Concept) ਸਿਰਜੇ ਜਾਂਦੇ ਹਨ। ਇਸ ਦਾ ਇਸਤੇਮਾਲ ਤਰਕ, ਫੈਂਸਲੇ ਲੈਣ ਤੇ ਮੁਸ਼ਕਲ ਦਾ ਹੱਲ ਕੱਢਣ ਲਈ ਕੀਤਾ ਜਾਂਦਾ ਹੈ। ਇਹ ਉੱਚ ਦਰਜੇ ਦੀ ਬੋਧਵਾਦੀ (Cognitive) ਕਿਰਿਆ ਹੈ।

Definitions

"Thinking consists of the cognitive rearrangement a manipulation of both information from the environment and symbols stored in LTM".

(Morgan and King)

"Thinking is a mental explavation for finding out the solution of a problem".

(Woodworth)

ਸੋਚ ਦੀਆਂ ਵਿਸ਼ੇਸ਼ਤਾਵਾਂ

1. ਇਹ ਇਕ ਅੰਦਰੂਨੀ ਨਾ ਦਿਖਣ ਯੋਗ ਪ੍ਰਕਿਰਿਆ ਹੈ। ਇਹ ਜਾਣਕਾਰੀ ਦਾ ਸੋਧ ਕਰਨ ਲਈ ਕਈ ਪ੍ਰਕਾਰ ਦੇ ਚਿੰਨ੍ਹ (Symbol) ਦਾ ਪ੍ਰਯੋਗ ਕਰਦੀ ਹੈ।
2. ਸੋਚ ਵਿਚ ਪੁਰਾਣੇ ਅਨੁਭਵ ਤੇ ਗਿਆਨ ਸ਼ਾਮਿਲ ਹੁੰਦਾ ਹੈ। ਇਸ ਦੇ ਅਧਾਰ ਤੇ ਹੀ ਨਵੇਂ ਚਿੰਨ੍ਹ, ਚਿੱਤਰ ਅਤੇ ਨਮੂਨਾ ਸਿਰਜੇ ਜਾਂਦੇ ਹਨ।
3. ਇਸ ਵਿਚ ਯਾਦ, ਤਰਕ, ਮੁਸ਼ਕਲਾਂ ਦਾ ਹੱਲ, ਕਲਪਨਾ ਅਤੇ ਧਾਰਨਾ ਸ਼ਾਮਲ ਹਨ।
4. ਇਸ ਦਾ ਪਤਾ ਵਿਅਕਤੀ ਦੇ ਵਿਹਾਰ ਤੋਂ ਲਗਾਇਆ ਜਾ ਸਕਦਾ ਹੈ। ਇਹ ਅਣਦਿੱਖ ਪ੍ਰਕਿਰਿਆ ਵਿਹਾਰ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ।
5. ਇਹ ਪ੍ਰਕਿਰਿਆ ਦਿਮਾਗੀ ਖੋਜ ਦਾ ਇਸਤੇਮਾਲ ਕਰਦੀ ਹੈ।
6. ਇਹ ਵਿਅਕਤੀਗਤ ਪ੍ਰਕਿਰਿਆ ਹੈ। ਜਿਸ ਬਾਰੇ ਜਾਂਚ ਜਾਂ ਮਾਪ ਕਰਨਾ ਅੱਖਾ ਹੈ।

ਸੋਚ ਦੇ ਸੰਦ (Tools of Thinking)

1. ਚਿੱਤਰ (Images) : ਇਸ ਵਿਚ ਦਿਮਾਗੀ ਤੰਰ ਤੇ ਸਿਰਜੇ ਚਿੱਤਰ ਸ਼ਾਮਲ ਹੁੰਦੇ ਹਨ। ਇਹਨਾਂ ਦੀ ਮਦਦ ਨਾਲ ਜਾਣਕਾਰੀ ਨੂੰ ਸੋਧਿਆ ਜਾਂਦਾ ਹੈ। ਸੋਚ ਵਿਚ ਅਸਲ ਵਸਤੂ ਦੀ ਥਾਂ ਦਿਮਾਗੀ ਚਿੱਤਰਾਂ ਦਾ ਸੋਧ ਕੀਤਾ ਜਾਂਦਾ ਹੈ।
2. ਸੰਕਲਪ (Concept) : ਇਹ ਸੋਚ ਦਾ ਇਕ ਮਹੱਤਵਪੂਰਨ ਸੰਦ ਹੈ। ਸੰਕਲਪ ਇਕ ਪ੍ਰਕਾਰ ਦੀ ਵਸਤੂਆਂ ਦਾ ਸਮੂਹ ਹੁੰਦਾ ਹੈ। ਉਦਾਹਰਨ ਵਜੋਂ ਫ਼ਲ ਦਾ ਨਾਮ ਲੈਂਦੇ ਵਿਅਕਤੀ ਕਿਸੇ ਵੀ ਪ੍ਰਕਾਰ ਦੇ ਫ਼ਲ ਬਾਰੇ ਸੋਚ ਸਕਦਾ ਹੈ। ਫ਼ਲ ਖਾਣ ਵਾਲੇ ਪਦਾਰਥ ਦਾ ਇਕ ਸਮੂਹ ਹੈ ਮਤਲਬ ਕਿ ਖਾਣ ਵਾਲੇ ਅਨੇਕ ਪਦਾਰਥਾਂ ਚੋਂ ਫਲ ਇਕ ਵਖਰੇ ਕਿਸਮ ਦਾ ਸੰਕਲਪ ਹੈ ਜੋ ਦੂਜਿਆ ਤੋਂ ਵੱਖਰਾ ਹੈ।
3. ਚਿੰਨ੍ਹ (Sign) : ਸੋਚ ਵਿਚ ਚਿੰਨ੍ਹ ਵੀ ਸ਼ਾਮਲ ਹੁੰਦੇ ਹਨ। ਚਿੰਨ੍ਹ ਕਿਸੇ ਵੀ ਵਸਤੂ ਦਾ ਠੋਸ ਵੇਰਵਾ ਬਿਆਨ ਕਰਦੇ ਹਨ।
4. ਭਾਸ਼ਾ (Language) : ਭਾਸ਼ਾ ਸੋਚ ਦਾ ਸਭ ਤੋਂ ਵਧੀਆ ਮਾਧਿਅਮ ਹੈ। ਇਹ ਇਕ ਵਿਅਕਤੀ ਤੋਂ ਦੂਸਰੇ ਵਿਅਕਤੀ ਤੱਕ ਜਾਣਕਾਰੀ ਪਹੁੰਚਾਉਣ ਦਾ ਬਹੁਤ ਸਟੀਕ ਮਾਧਿਅਮ ਹੈ। ਇਹ ਸੋਚ ਨੂੰ ਬਹੁਤ ਪ੍ਰਫੁਲਤ ਕਰਦੀ ਹੈ। ਵਿਅਕਤੀ ਸ਼ਬਦਾਂ ਦੇ ਵਿੱਚ ਹੀ ਸੋਚਦਾ ਹੈ।

ਸੰਕਲਪ ਦੀ ਸਿਰਜਨਾਂ (Concept of Formation)

ਸੰਕਲਪ ਦਾ ਅਰਥ ਹੈ ਕਿਸੇ ਵੀ ਵਸਤੂ ਦੇ ਨਾਲ ਸਧਾਰਣ ਅਰਥ ਜੋੜ ਦੇਣਾ। ਇਹ ਧਾਰਨਾ ਤੇ ਅਧਾਰਿਤ ਹੁੰਦਾ ਹੈ। ਇਹ ਵਸਤੂਆਂ ਦੇ ਸਮੂਹ ਨੂੰ ਦਰਸਾਉਂਦਾ ਹੈ। ਜਿਵੇਂ ਕਿ ਕੁਰਸੀ, ਮੇਜ਼, ਸੋਫ਼ਾ ਆਦਿ ਇਕੋ ਸੰਕਲਪ ਫ਼ਰਨੀਚਰ ਨੂੰ ਦਰਸਾਉਂਦੇ ਹਨ। ਸੰਕਲਪ ਨਵੀਂ ਵਸਤੂ ਨੂੰ ਪਛਾਣ ਕੇ ਸਹੀ ਸਮੂਹ ਦਾ ਹਿੱਸਾ ਬਣਾਉਂਦਾ ਹੈ।

ਸਮੂਹ ਅਤੇ ਪਰੋਟੋਟਾਈਪ :

ਸੰਕਲਪ ਵਸਤੂਆਂ ਦੇ ਸਮੂਹ ਲਈ ਸਿਰਜਿਆ ਜਾਂਦਾ ਹੈ। ਇਹ ਨਵੀਆਂ ਵਸਤੂਆਂ ਲਈ ਪ੍ਰਤੀਕਿਰਿਆ ਦੇਣ ਵਿਚ ਲਾਹੇਵੰਦ ਹੁੰਦਾ ਹੈ। ਵਸਤੂਆਂ ਕਈ ਸਮੂਹਾਂ ਵਿੱਚ ਵਿਚਰਦੀਆਂ ਹਨ। ਉਹ ਸਮੂਹ ਯਾਦ ਰੱਖਣੇ ਸੌਖੇ ਹੁੰਦੇ ਹਨ ਜੋ ਸਾਡੇ ਗਿਆਨ ਨਾਲ ਮਿਲਦੇ ਹਨ।

ਲੜੀਬਧ ਬਣਤਰ (Hierarchy of Categories)

1. ਸੁਪਰਓਰਡੀਨੇਟ
2. ਬੇਸਿਕ
3. ਸਬਓਰਡੀਨੇਟ



ਸਧਾਰਨ ਸਮੂਹ ਨੂੰ ਸੁਪਰਓਰਡੀਨੇਟ ਕਿਹਾ ਜਾਂਦਾ ਹੈ ਜਿਵੇਂ ਜਾਨਵਰ। ਇਸ ਤੋਂ ਹੇਠਾਂ ਜਾਨਵਰ ਦੇ ਨਾਮ ਜਿਵੇਂ ਕੁੱਤਾ ਤੇ ਹਿਰਨ ਜੋ ਕਿ ਵਿਸ਼ੇਸ਼ ਤੌਰ ਤੇ ਇਹੀ ਜਾਨਵਰ ਲਈ ਵਰਤੇ ਜਾਂਦੇ ਹਨ ਨੂੰ ਬੇਸਿਕ ਸਮੂਹ ਵਿਚ ਰੱਖਿਆ ਜਾਂਦਾ ਹੈ ਤੇ ਸਭ ਤੋਂ ਹੇਠਾਂ ਸਬਓਰਡੀਨੇਟ ਸਮੂਹ ਆਉਂਦਾ ਹੈ ਜਿਸ ਵਿਚ ਇਹਨਾਂ ਦੀਆਂ ਵਿਸ਼ੇਸ਼ ਕਿਸਮਾਂ ਦਾ ਨਾਮ ਸ਼ਾਮਲ ਹੈ। ਇਹ ਕਿਸੇ ਵੀ ਪ੍ਰਕਾਰ ਦੀ ਵਸਤੂ ਲਈ ਸਿਰਜਿਆ ਜਾ ਸਕਦਾ ਹੈ।

ਪ੍ਰੋਟੋਟਾਈਪ :

ਪ੍ਰੋਟੋਟਾਈਪ ਉਹ ਸੰਕਲਪ ਦਰਸਾਉਂਦਾ ਹੈ ਜੋ ਕਿਸੇ ਸਮੂਹ ਦੀ ਵਿਸ਼ੇਸ਼ਤਾ ਪ੍ਰਗਟ ਕਰਦਾ ਹੋਵੇ।ਇਹ ਵਿਅਕਤੀ ਦੇ ਗਿਆਨ ਤੇ ਅਨੁਭਵ ਤੇ ਨਿਰਭਰ ਕਰਦਾ ਹੈ। ਇਕ ਵਿਅਕਤੀ ਜੋ ਅਜਿਹੀ ਥਾਂ ਤੇ ਪੈਦਾ ਹੋਇਆ ਹੋਵੇ ਜਿਥੇ ਖੋਪੇ ਦੀ ਖੇਤੀ ਹੁੰਦੀ ਹੈ ਉਸ ਵਿਅਕਤੀ ਲਈ ਫ਼ਲ ਦੀ ਸਹੀ ਪ੍ਰਭਿਸ਼ਾ ਖੋਪਾ ਹੋਵੇਗਾ, ਅੰਬ ਜਾਂ ਸੇਬ ਨਹੀਂ।

ਮੁਸ਼ਕਲਾਂ ਦਾ ਹੱਲ (Problem Solving)

ਇਹ ਇਕ ਨਾ ਪਸੰਦ ਘਟਨਾ ਹੈ। ਹਰ ਰੋਜ਼ ਅਸੀਂ ਹਜ਼ਾਰਾਂ ਮੁਸ਼ਕਲਾਂ ਨੂੰ ਹੱਲ ਕਰਦੇ ਹਾਂ। ਮੁਸ਼ਕਲਾਂ ਦਾ ਦਾਇਰਾ ਹਿਸਾਬ ਦੇ ਸਵਾਲਾਂ ਤੋਂ ਲੈ ਕੇ ਚੰਦਰਯਾਨ ਦੀ ਬਣਤਰ ਤੱਕ ਹੋ ਸਕਦਾ ਹੈ। ਮੁਸ਼ਕਲਾਂ ਦਾ ਹੱਲ ਕਰਨ ਲਈ ਕਈ ਪ੍ਰਕਾਰ ਦੇ ਢੰਗ ਹਨ। ਜਿਵੇਂ ਕਿ ਟ੍ਰਾਇਲ ਅਤੇ ਐਰਰ, ਐਲਗੋਰਿਦਮ ਤੇ ਹਿਯੂਰਿਸਟਿਕ।

ਟ੍ਰਾਇਲ ਅਤੇ ਐਰਰ :

ਮੁਸ਼ਕਲ ਨੂੰ ਹੱਲ ਕਰਨ ਦਾ ਇਕ ਤਰੀਕਾ ਟ੍ਰਾਇਲ ਅਤੇ ਐਰਰ ਹੈ। ਇਸ ਤੋਂ ਭਾਵ ਹੈ ਇੱਕ ਹੱਲ ਤੋਂ ਬਾਅਦ ਟ੍ਰਾਇਲ ਅਤੇ ਐਰਰ ਹੈ। ਇਸ ਤੋਂ ਭਾਵ ਹੈ ਇੱਕ ਹੱਲ ਤੋਂ ਬਾਅਦ ਦੂਜਾ ਹੱਲ ਦਾ ਇਸਤੇਮਾਲ ਕਰਨਾ ਜਦੋਂ ਤੱਕ ਕਿ ਸਹੀ ਹੱਲ ਨਹੀਂ ਮਿਲ ਜਾਂਦਾ। ਉਦਾਹਰਨ ਵਜੋਂ ਜਿਵੇਂ ਕੋਈ ਵਿਅਕਤੀ ਜੇਕਰ ਆਪਣਾ ਪਾਸਵਰਡ ਭੁੱਲ ਜਾਵੇ ਤਾਂ ਬਾਰ-ਬਾਰ ਇਕ ਤੋਂ ਬਾਅਦ ਇੱਕ ਲਗਾਉਣ ਦੀ ਕੋਸ਼ਿਸ਼ ਕਰੇ ਜਦੋ ਤੱਕ ਠੀਕ ਪਾਸਵਰਡ ਨਾ ਲੱਗ ਜਾਵੇ।

ਐਲਗੋਰਿਦਮਜ਼ (Algorithms) :

ਇਹ ਇਕ ਖਾਸ ਪ੍ਰਕਾਰ ਦੀ ਪ੍ਰਕਿਰਿਆ ਹੈ ਜੋ ਕੁਝ ਵਿਸ਼ੇਸ਼ ਪ੍ਰਕਾਰ ਦੀ ਮੁਸ਼ਕਲਾਂ ਦਾ ਹੀ ਹੱਲ ਕਰ ਸਕਦੀ ਹੈ। ਆਮ ਤੌਰ ਤੇ ਹਿਸਾਬ ਦੇ ਸਵਾਲ ਇਸ ਤਰੀਕੇ ਨਾਲ ਹੀ ਹੱਲ ਕੀਤੇ ਜਾਂਦੇ ਹਨ। ਇਹ ਇਕ ਸਟੈਪ ਬਾਏ ਸਟੈਪ ਪ੍ਰਕਿਰਿਆ ਹੈ।

ਹਿਯੂਰਿਸਟਿਕ (Heuristic) :

ਇਹ ਇਕ ਆਮ ਨਿਯਮ ਹੈ। ਇਹ ਕਈ ਪ੍ਰਕਾਰ ਦੀ ਸਥਿਤੀਆਂ ਤੇ ਲਾਗੂ ਹੋ ਜਾਂਦਾ ਹੈ। ਇਹ ਇਕ ਤਰ੍ਹਾਂ ਤੋਂ ਅਨੁਮਾਨ ਲਗਾਉਣ ਦੀ ਤਰ੍ਹਾਂ ਹੈ। ਇਹ ਵਿਅਕਤੀ ਦੇ ਅਨੁਭਵ ਤੇ ਗਿਆਨ ਤੇ ਨਿਰਭਰ ਕਰਦਾ ਹੈ। ਇਸ ਨੂੰ ''ਰੂਲ ਆਫ਼ ਥੰਬ'' (Rule of Thumb) ਵੀ ਕਿਹਾ ਜਾਂਦਾ ਹੈ।